ਕੈਨੇਡਾ ਪੰਜਾਬ ਲਿੰਕ
WEEKLY NEWSPAPER VOL. : 10 ISSUE : 11 SATURDAY, 12 MARCH, 2022
www.punjablinkpaper.com 604-503-5465







# ਓਨਟਾਰੀਓ ਵਲੋਂ 21 ਮਾਰਚ ਤੋਂ ਕੋਵਿਡ-19 ਮਾਸਕ ਆਦੇਸ਼ਾਂ ਨੂੰ ਹਟਾਉਣ ਦਾ ਐਲਾਨ



ਟੋਰਾਂਟੋ-ਓਨਟਾਰੀਓ ਦੇ ਚੋਟੀ ਦੇ ਡਾਕਟਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਸ ਮਹੀਨੇ ਦੇ ਅਖੀਰ ਵਿਚ ਓਨਟਾਰੀਓ ਬਹੁਤੀਆਂ ਇਨਡੋਰ ਸੈਟਿੰਗਾਂ ਵਿਚ ਕੋਵਿਡ-19 ਮਾਸਕ ਸ਼ਰਤਾਂ ਨੂੰ ਹਟਾ ਦੇਵੇਗਾ। ਚੀਫ਼ ਮੈਡੀਕਲ ਅਫਸਰ ਆਫ ਹੈਲਥ ਡਾ. ਕਿਰਨ ਮੂਰੇ ਨੇ ਇਹ ਐਲਾਨ ਕੁਈਨਜ਼ ਪਾਰਕ ਵਿਚ ਕਰਦਿਆਂ ਕਿਹਾ ਕਿ ਅਸੀਂ ਹੁਣ ਅਸੀਂ ਲੰਬੇ ਸਮੇਂ ਲਈ ਕੋਵਿਡ-19 ਨਾਲ ਰਹਿਣਾ ਅਤੇ ਪ੍ਰਬੰਧ ਕਰਨਾ ਸਿੱਖ ਰਹੇ ਹਾਂ। ਕੋਵਿਡ-19 ਬਾਰੇ ਤਾਜ਼ਾ ਜਾਣਕਾਰੀ ਦਿੰਦਿਆਂ ਮੂਰੇ ਨੇ ਕਿਹਾ ਕਿ ਇਹ ਮਹਾਂਮਾਰੀ ਪ੍ਰਤੀ ਵਧੇਰੇ ਸੰਤੁਲਿਤ ਜਵਾਬ ਵੱਲ ਜ਼ਰੂਰੀ ਤਬਦੀਲੀ ਹੈ। 21 ਮਾਰਚ ਤੋਂ ਸਮੁੱਚੇ ਸੂਬੇ ਵਿਚ ਸਕੂਲਾਂ, ਰੈਸਟੋਰੈਂਟਸ ਅਤੇ ਬਾਰਾਂ, (ਬਾਕੀ ਸਫ਼ਾ 10 'ਤੇ)

## ਟਰੂਡੋ ਨੇ ਵਧਾਇਆ ਨਾਟੋ ਮਿਸ਼ਨ ਪਰ ਹੋਰ ਰੱਖਿਆ ਖਰਚ ਦਾ ਨਹੀਂ ਕੀਤਾ ਵਾਅਦਾ



ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਨੂੰ ਪੱਛਮੀ ਯੂਰਪ ਵਿਚ ਹੋਰ ਹਮਲਾ ਕਰਨ ਤੋਂ ਰੋਕਣ ਦੇ ਮੰਤਵ ਨਾਲ ਮਿਸ਼ਨ ਪ੍ਰਤੀ ਕੈਨੇਡਾ ਦੀ ਵਚਨਬੱਧਤਾ ਨੂੰ ਵਧਾਇਆ ਹੈ ਪਰ ਇਸ ਬਾਰੇ ਵਾਅਦ ਨਹੀਂ ਕੀਤਾ ਕਿ ਕੈਨੇਡਾ ਨਾਟੋ ਤਹਿਤ ਰੱਖਿਆ ਖਰਚਿਆਂ ਦੇ ਟੀਚੇ ਨੂੰ ਪੂਰਾ ਕਰੇਗਾ ਜਾਂ ਨਹੀਂ। ਟਰੂਡੋ ਨੇ ਮੰਗਲਵਾਰ ਆਪਰੇਸ਼ਨ ਰੀਅਸ਼ੂਰੈਂਸ ਦੇ ਹਿੱਸੇ ਵਜੋਂ ਲਾਤਵੀਆ ਵਿਚ ਕੈਨੇਡੀਅਨ ਸੈਨਿਕਾਂ ਨਾਲ ਮੁਲਾਕਾਤ ਕੀਤੀ। ਇਹ ਮਿਸ਼ਨ ਨਾਟੋ ਦੀ ਏਕਤਾ ਦਿਖਾਉਣ ਅਤੇ ਰੂਸੀ ਹਮਲੇ ਨੂੰ ਟਾਲਣ ਲਈ ਤਿਆਰ ਕੀਤਾ ਗਿਆ ਹੈ। ਪਿਛਲੇ ਮਹੀਨੇ ਟਰੂਡੋ ਨੇ ਐਲਾਨ ਕੀਤਾ ਸੀ ਕਿ ਕੈਨੇਡਾ ਮਿਸ਼ਨ ਲਈ 460 ਹੋਰ ਵਾਧੂ ਸੈਨਿਕ ਭੇਜੇਗਾ ਜਿਸ ਵਿਚ ਜਲ ਸੈਨਾ ਦਾ ਦੂਸਰਾ ਸਮੁੰਦਰੀ ਬੇੜਾ ਅਤੇ ਤੋਪਖਾਨਾ ਸ਼ਾਮਿਲ ਹੈ। ਉਨ੍ਹਾਂ ਐਲਾਨ ਕੀਤਾ ਕਿ (ਬਾਕੀ ਸਫ਼ਾ 10 'ਤੇ)

## ਬ੍ਰਿਟਿਸ਼ ਕੋਲੰਬੀਆ ਵਿਚ ਜਨਤਕ ਅੰਦਰੂਨੀ ਥਾਵਾਂ ਤੇ ਮਾਸਕ ਪਾਬੰਦੀਆਂ ਹਟਾਉਣ ਦਾ ਐਲਾਨ



ਸਰੀ-ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਸੂਬੇ ਦੇ ਲੋਕਾਂ ਲਈ 11 ਮਾਰਚ ਤੋਂ ਜਨਤਕ ਅੰਦਰੂਨੀ ਥਾਵਾਂ 'ਤੇ ਮਾਸਕ ਪਹਿਨਣ ਦੀ ਪਾਬੰਦੀ ਹਟਾਉਣ ਦਾ ਐਲਾਨ ਕੀਤਾ ਹੈ। ਵੀਰਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ, ਸੂਬਾਈ ਸਿਹਤ ਅਧਿਕਾਰੀ ਡਾ. ਬੋਨੀ ਹੈਨਰੀ ਅਤੇ ਸਿਹਤ ਮੰਤਰੀ ਐਡਰੀਅਨ ਡਿਕਸ ਨੇ ਵੀ ਪੁਸ਼ਟੀ ਕੀਤੀ ਕਿ ਬੀ.ਸੀ. ਵੈਕਸੀਨ ਕਾਰਡ ਪ੍ਰੋਗਰਾਮ 8 ਅਪ੍ਰੈਲ ਨੂੰ ਖਤਮ ਹੋਣ ਜਾ ਰਿਹਾ ਹੈ। ਡਾ ਹੈਨਰੀ ਨੇ ਕਿਹਾ, ਕੁਝ ਸੈਟਿੰਗਾਂ ਲਈ ਤੁਹਾਨੂੰ ਅਜੇ ਵੀ ਸਿਹਤ-ਸੰਭਾਲ ਸੈਟਿੰਗਾਂ, ਡਾਕਟਰਾਂ ਦੇ ਦਫਤਰਾਂ ਅਤੇ ਮਰੀਜ਼ਾਂ ਦੇ ਸੰਪਰਕ ਖੇਤਰਾਂ ਵਰਗੇ ਮਾਸਕ ਪਹਿਨਣ ਦੀ ਲੋੜ ਹੋਵੇਗੀ। (ਬਾਕੀ ਸਫ਼ਾ 10 'ਤੇ)

































S|T &|A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL : 10 ISSUE : 11 SATURDAY, 12 MARCH, 2022
www.punjablinkpaper.com 604-503-5465



ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


# ਪੰਜਾਬ ਚੋਣਾਂ 'ਚ ਆਮ ਆਦਮੀ ਪਾਰਟੀ ਨੇ 92 ਸੀਟਾਂ ਜਿੱਤਕੇ ਨਵਾਂ ਇਤਿਹਾਸ ਸਿਰਜਿਆ

## • ਕਾਂਗਰਸ ਨੂੰ 18, ਅਕਾਲੀ ਦਲ ਨੂੰ 3, ਬਸਪਾ ਨੂੰ 1 ਤੇ ਇਕ ਆਜ਼ਾਦ ਉਮੀਦਵਾਰ ਜੇਤੂ

## • ਮੁੱਖ ਮੰਤਰੀ ਚੰਨੀ, ਸਾਬਕਾ ਮੁੱਖ ਮੰਤਰੀ ਬਾਦਲ, ਕੈਪਟਨ, ਸੁਖਬੀਰ, ਸਿੱਧੂ, ਮਜੀਠੀਆ ਸਮੇਤ ਕਈ ਵੱਡੇ ਆਗੂ ਲੁੜਕੇ

ਚੰਡੀਗੜ੍ਹ-ਪੰਜਾਬ ਚੋਣਾਂ ਦੇ ਆਏ ਨਤੀਜਿਆਂ ਮੁਤਾਬਿਕ ਆਮ ਆਦਮੀ ਪਾਰਟੀ ਨੇ ਸਾਰੀਆਂ ਰਵਾਇਤੀ ਪਾਰਟੀਆਂ ਨੂੰ ਲੱਕ ਤੋੜਵੀ ਹਾਰ ਦਿੰਦਿਆਂ 117 ਮੈਂਬਰੀ ਵਿਧਾਨ ਸਭਾ ਚ 92 ਸੀਟਾਂ ਜਿਤਕੇ ਨਵਾਂ ਇਤਿਹਾਸ ਸਿਰਜਿਆ ਹੈ। ਪੰਜਾਬੀ ਸੂਬੇ ਦੇ ਹੋਂਦ 'ਚ ਆਉਣ ਮਗਰੋਂ ਪਹਿਲੀ ਵਾਰੀ ਕਿਸੇ ਧਿਰ ਨੂੰ ਰਿਕਾਰਡ ਬਹੁਮੱਤ ਮਿਲਿਆ ਹੈ। 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਵੀਂ ਸਰਕਾਰ ਦੇ ਗਠਨ ਦਾ ਰਾਹ ਸਾਫ਼ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਤੋਂ ਬਿਨਾਂ ਸੂਬੇ ਵਿੱਚ ਪਹਿਲੀ ਵਾਰੀ ਕਿਸੇ ਤੀਜੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ। ਵੋਟਾਂ ਪੈਣ ਤੋਂ ਐਨ ਪਹਿਲਾਂ ਕੁਝ ਸਿਆਸੀ ਧਿਰਾਂ ਨੇ ਸੂਬੇ ਵਿੱਚ ਪ੍ਰਭਾਵਸ਼ਾਲੀ ਪ੍ਰਮੁੱਖ ਡੇਰਿਆਂ ਦੀ ਵੋਟ ਹਾਸਲ ਕਰਕੇ ਚੋਣ ਰਣਨੀਤੀ ਖੇਡੀ ਸੀ ਪਰ ਨਤੀਜਿਆਂ ਤੋਂ ਸਾਫ ਝਲਕਦਾ ਹੈ ਕਿ ਡੇਰਾਵਾਦ ਬੇਅਸਰ ਹੋ ਗਿਆ। ਪੰਜਾਬ ਚੋਣਾਂ ਦੌਰਾਨ ਮੈਦਾਨ 'ਚ ਨਿੱਤਰੇ ਦੋ ਗੱਠਜੋੜ ਸ਼੍ਰੋਮਣੀ ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਨੂੰ ਲੋਕਾਂ ਨੇ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। 'ਆਪ' ਦੇ ਪੱਖ ਵਿੱਚ ਝੁੱਲੀ ਇਸ ਹਨੇਰੀ ਦੌਰਾਨ ਜਿਹੜੇ ਵੱਡੇ ਸਿਆਸੀ ਥੰਮ੍ਹ ਡਿੱਗੇ ਹਨ ਉਨ੍ਹਾਂ ਵਿੱਚ ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ, ਬਿਕਰਮ ਸਿੰਘ ਮਜੀਠੀਆ ਆਦਿ ਸ਼ਾਮਲ ਹਨ। ਲੰਮੇ ਸਮੇਂ ਬਾਅਦ ਬਹੁਜਨ ਸਮਾਜ ਪਾਰਟੀ ਖਾਤਾ



ਖੋਲ੍ਹਣ 'ਚ ਕਾਮਯਾਬ ਰਹੀ। ਪਾਰਟੀ ਉਮੀਦਵਾਰ ਨਛੱਤਰ ਪਾਲ ਨਵਾਂਸ਼ਹਿਰ ਤੋਂ ਸੀਟ ਕੱਢਣ ਵਿੱਚ ਸਫ਼ਲ ਰਿਹਾ। ਕਿਸਾਨ ਜਥੇਬੰਦੀਆਂ 'ਤੇ ਅਧਾਰਿਤ ਸੰਯੁਕਤ ਸਮਾਜ ਮੋਰਚਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਖਾਤਾ ਨਾ ਖੁੱਲ੍ਹਣ ਕਾਰਨ ਦੋਹਾਂ ਪਾਰਟੀਆਂ ਦੇ ਪੱਲੇ ਨਿਰਾਸ਼ਾ ਪਈ ਹੈ। ਅਕਾਲੀ ਦਲ ਦੇ ਹਿੱਸੇ ਮਹਿਜ਼ 3 ਸੀਟਾਂ ਆਈਆਂ ਤੇ ਭਾਜਪਾ ਨੂੰ ਦੋ ਸੀਟਾਂ ਨਾਲ ਹੀ ਸਬਰ ਕਰਨਾ ਪੈ ਰਿਹਾ ਹੈ। ਪੰਜਾਬ ਦੀ ਸਭ ਤੋਂ ਪੁਰਾਣੀ ਪਾਰਟੀ ਅਕਾਲੀ ਦਲ ਦੀ ਵਿਧਾਨ ਸਭਾ 'ਚ ਦੂਜੀ ਵੱਡੀ ਹਾਰ ਹੈ। ਇਸ ਤੋਂ ਪਹਿਲਾਂ 2017 ਵਿੱਚ ਵੀ ਪਾਰਟੀ ਨੂੰ ਬੁਰੀ ਹਾਰ ਦਾ ਮੂੰਹ ਦੇਖਣਾ ਪਿਆ ਸੀ। ਐਤਕੀਂ ਇੱਕੋ ਆਜ਼ਾਦ ਉਮੀਦਵਾਰ ਰਾਣਾ ਇੰਦਰਪ੍ਰਤਾਪ ਸਿੰਘ ਨੇ ਸੁਲਤਾਨਪੁਰ ਲੋਧੀ ਤੋਂ ਜਿੱਤ ਹਾਸਲ ਕੀਤੀ। ਲੁਧਿਆਣਾ ਸ਼ਹਿਰ ਵਿੱਚ ਬੈਂਸ ਭਰਾਵਾਂ ਨੂੰ ਸਿਕਸ਼ਤ ਦੇ ਕੇ ਲੋਕਾਂ ਨੇ ਇੱਕ ਵੱਖਰਾ ਰੂਪ ਦਿਖਾਇਆ ਹੈ। ਜੇਤੂ ਪਾਰਟੀ ਦਾ ਇਤਿਹਾਸ ਦੇਖਿਆ ਜਾਵੇ ਤਾਂ 'ਆਪ' ਨੂੰ 2014 ਦੀਆਂ ਸੰਸਦੀ ਚੋਣਾਂ 'ਚ ਪੰਜਾਬੀਆਂ ਵੱਲੋਂ ਮਿਲੇ ਜ਼ਬਰਦਸਤ ਹੁੰਗਾਰੇ ਮਗਰੋਂ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਮਹਿਜ਼ 20 ਸੀਟਾਂ ਨਾਲ ਗੁਜ਼ਾਰਾ ਕਰਨਾ ਪਿਆ ਸੀ। ਉਸ ਤੋਂ ਬਾਅਦ ਸਾਲ 2019 ਦੀਆਂ ਲੋਕ ਸਭਾ ਚੋਣਾਂ 'ਚ ਵੀ ਭਗਵੰਤ ਮਾਨ ਹੀ ਜਿੱਤ ਸਕਿਆ ਸੀ। ਵਿਧਾਨ ਸਭਾ ਚੋਣਾਂ ਦੇ ਤਾਜ਼ਾ ਨਤੀਜੇ ਸਾਬਤ ਕਰਦੇ ਹਨ ਕਿ ਲੋਕਾਂ ਨੇ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਬੁਰੀ ਤਰ੍ਹਾਂ ਰੱਦ ਕਰਕੇ ਸਪੱਸ਼ਟ ਫਤਵਾ ਦਿੱਤਾ ਹੈ। ਸੂਬੇ ਵਿੱਚ ਰਵਾਇਤੀ ਸਿਆਸੀ ਧਿਰਾਂ ਵੱਲੋਂ ਚੋਣਾਂ ਜਿੱਤਣ ਲਈ ਧਰਮ ਅਤੇ ਜਾਤ ਦੇ ਆਧਾਰ 'ਤੇ ਲੋਕਾਂ ਨੂੰ

*(ਬਾਕੀ ਸਫ਼ਾ 7 'ਤੇ)*


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca



ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000



WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| --- | --- | --- | --- |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave



Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey



HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com



So Easy ਲਰਨਿੰਗ ਲਾਈਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਈਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ



NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ ਚੋਹਲਾ ਵੱਲੋਂ 'ਬਲੱਡ ਵਾਲਟ ਲਾਇਬ੍ਰੇਰੀ' ਨੂੰ 260 ਕਿਤਾਬਾਂ ਭੇਂਟ

## ਕਿਤਾਬਾਂ ਹੁੰਦੀਆਂ ਹਨ ਮਨੁੱਖ ਦਾ ਸੱਚਾ ਮਿੱਤਰ

ਚੋਹਲਾ ਸਾਹਿਬ-ਪਿਛਲੇ ਲੰਮੇ ਸਮੇਂ ਤੋਂ ਇਲਾਕੇ ਵਿੱਚ ਗਿਆਨ ਦਾ ਚਾਨਣ ਫੈਲਾ ਕੇ ਆਪਣੀ ਵਿਲੱਖਣ ਪਹਿਚਾਣ ਸਥਾਪਿਤ ਕਰਨ ਵਾਲੀ ਇਤਿਹਾਸਕ ਕਸਬਾ ਚੋਹਲਾ ਸਾਹਿਬ ਵਿਖੇ ਚੱਲ ਰਹੀ 'ਬਲੱਡ ਵਾਲਟ ਲਾਇਬ੍ਰੇਰੀ' ਨੇ ਸਾਹਿਤਕ ਪ੍ਰੇਮੀਆਂ ਵਲੋਂ ਲਗਾਤਾਰ ਮਿਲ ਰਹੇ ਪਿਆਰ ਅਤੇ ਸਹਿਯੋਗ ਸਦਕਾ ਲੋਕਾਂ ਦੇ ਦਿਲਾਂ ਵਿੱਚ ਇੱਕ ਖਾਸ ਜਗ੍ਹਾ ਬਣਾਈ ਹੋਈ ਹੈ ਐਤਵਾਰ ਨੂੰ ਇਸ ਲਾਇਬ੍ਰੇਰੀ ਵਿੱਚ ਉਚੇਚੇ ਤੌਰ 'ਤੇ ਪੁੱਜੇ ਐਨ ਆਰ ਆਈ ਅਤੇ ਇਥੋਂ ਦੇ ਹੀ ਜੰਮਪਲ ਕੈਨੇਡਾ ਤੋਂ ਛਪਦੇ 'ਦੇਸ ਪ੍ਰਦੇਸ ਟਾਈਮਜ਼' ਅਖ਼ਬਾਰ ਦੇ ਸੰਪਾਦਕ ਅਤੇ ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ 'ਚੋਹਲਾ' ਵਲੋਂ ਆਪਣੇ ਪਿੰਡ ਪ੍ਰਤੀ ਸਨੇਹ ਨੂੰ ਦਰਸਾਉਂਦੇ ਹੋਏ ਵੱਖ-ਵੱਖ ਵਿਦਵਾਨਾਂ ਵਲੋਂ ਲਿਖੀਆਂ 260 ਕਿਤਾਬਾਂ ਇਸ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਗਈਆਂ।ਇਸ ਮੌਕੇ ਉਨ੍ਹਾਂ ਲਾਇਬ੍ਰੇਰੀ ਦੇ ਮੁੱਖ ਸੰਚਾਲਕ ਸੰਦੀਪ ਸਿੰਘ ਸਿੱਧੂ ਅਤੇ ਪਰਮਿੰਦਰ ਸਿੰਘ ਚੋਹਲਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ 'ਬਲੱਡ ਵਾਲਟ ਲਾਇਬ੍ਰੇਰੀ' ਦੀ ਸਮੁੱਚੀ ਟੀਮ ਪ੍ਰਸ਼ੰਸਾ ਦੀ ਹੱਕਦਾਰ ਹੈ ਜਿੰਨਾ ਨੇ ਮਨੁੱਖ ਦੀ ਜ਼ਿੰਦਗੀ ਲਈ ਬਹੁਤ ਹੀ ਅਹਿਮ ਕਿਤਾਬਾਂ ਦਾ ਖਜ਼ਾਨਾ ਖੋਲਿਆ ਹੈ,ਜਿਥੇ ਹਰ ਵਰਗ ਦੇ ਲੋਕ ਕਿਤਾਬਾਂ ਦੇ ਮਾਧਿਅਮ ਰਾਹੀਂ ਗਿਆਨ ਅਤੇ ਜੀਵਨ ਜਾਂਚ ਹਾਸਲ ਕਰ ਸਕਦੇ ਹਨ। ਸ ਸੁਖਵਿੰਦਰ ਸਿੰਘ 'ਚੋਹਲਾ' ਨੇ ਕਿਹਾ ਕਿ ਇਨਸਾਨ ਨੂੰ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਕੁਝ ਸਮਾਂ ਕੱਢ ਕੇ ਚੰਗੀਆਂ ਕਿਤਾਬਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ,ਕਿਉਂਕਿ ਕਿਤਾਬਾਂ ਮਨੁੱਖ ਦਾ ਸੱਚਾ ਮਿੱਤਰ ਹੁੰਦੀਆਂ ਹਨ।ਕਿਤਾਬਾਂ ਵਿਚੋਂ ਸਾਨੂੰ ਹਰ ਗੱਲ ਦੀ ਸਹੀ ਜਾਣਕਾਰੀ ਮਿਲਦੀ ਹੈ ਅਤੇ ਜੀਵਨ ਦੀਆਂ ਕਈ ਸਮੱਸਿਆਵਾਂ ਵਿੱਚ ਵੀ ਹੱਸਦੇ ਰਹਿਣ ਦਾ ਗੁਣ ਮਿਲਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ ਨਾਲ ਜ਼ਿਆਦਾ ਜੁੜੀ ਹੋਈ ਹੈ,ਪਰ ਇਸਦੇ ਨਾਲ ਹੀ ਨੌਜਵਾਨਾਂ ਨੂੰ ਸਾਹਿਤ ਨਾਲ ਵੀ ਪਿਆਰ ਪਾਉਣਾ ਚਾਹੀਦਾ ਹੈ। ਉਨ੍ਹਾਂ ਨੇ ਭਵਿੱਖ ਵਿੱਚ ਵੀ 'ਬਲੱਡ ਵਾਲਟ ਲਾਇਬ੍ਰੇਰੀ'ਦੀ ਟੀਮ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਉਨ੍ਹਾਂ ਦੇ ਸਪੁੱਤਰ ਅਨੁਪਿੰਦਰ ਸਿੰਘ,ਪਰਮਜੀਤ ਜੋਸ਼ੀ,ਬਲਵਿੰਦਰ ਸਿੰਘ,ਰਾਕੇਸ਼ ਨਈਅਰ, ਯੁਵਾ ਆਗੂ ਤਰੁਣ ਜੋਸ਼ੀ ,ਮਨਜੀਤ ਸਿੰਘ ਸੰਧੂ,ਰਾਕੇਸ਼ ਬਾਵਾ, ਤੇਜਿੰਦਰ ਸਿੰਘ ਖਾਲਸਾ, ਨਿਰਮਲ ਸਿੰਘ ਸੰਗਤਪੁਰਾ, ਬਲਜਿੰਦਰ ਸਿੰਘ ਘੜਕਾ, ਹਰਜਿੰਦਰ ਸਿੰਘ ਰਾਏ, ਰਮਨ ਕੁਮਾਰ ਚੱਡਾ,ਹਰਪ੍ਰੀਤ ਸਿੰਘ, ਭਗਤ ਸਿੰਘ ਆਦਿ ਹਾਜ਼ਰ ਸਨ।



'ਬਲੱਡ ਵਾਲਟ ਲਾਇਬ੍ਰੇਰੀ' ਚੋਹਲਾ ਸਾਹਿਬ ਲਈ ਕਿਤਾਬਾਂ ਭੇਂਟ ਕਰਦੇ ਹੋਏ ਸੀਨੀਅਰ ਪੱਤਰਕਾਰ ਸੁਖਵਿੰਦਰ 'ਚੋਹਲਾ' ਤੇ ਹੋਰ। ਫੋਟੋ : ਨਈਅਰ ਪੱਤਰਕਾਰ, ਚੋਹਲਾ ਸਾਹਿਬ

BUSY BOYS
ELECTRICAL LTD.
• Multi-Fmaily Homes
• Town Homes
• Apartment Buildings
• High Rise Buildings
• Commercial Buildings
• Fire Alarm
• High Voltage Vault Service & Annual Operating Permits
• Single Family Homes & Home Automation

C: 604.837.3101
O: 778.590.5906
#111-8132 130th St., Surrey BC
busyboyslectrical@gmail.com
www.busyboyselectrical.com
ਇਲੈਕਟ੍ਰੀਕਲ ਦਾ ਸਮਾਨ
ਵਧੀਆ ਅਤੇ ਤਸੱਲੀਬਖਸ਼
ਕੰਮ ਕਰਵਾਉਣ ਲਈ ਫੋਨ ਕਰੋ

# ਮੁੱਖ ਮੰਤਰੀ ਚੰਨੀ ਦੋਵਾਂ ਹਲਕਿਆਂ ਤੋਂ ਹਾਰੇ



ਚਮਕੌਰ ਸਾਹਿਬ-ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦੋ ਹਲਕਿਆਂ ਤੋਂ ਚੋਣ ਲੜਨਾ ਰਾਸ ਨਹੀਂ ਆਇਆ। ਆਮ ਆਦਮੀ ਪਾਰਟੀ ਦੀ ਸੂਬੇ 'ਚ ਹੂੰਝਾ ਫੇਰ ਜਿੱਤ ਦੌਰਾਨ ਚੰਨੀ ਚਮਕੌਰ ਸਾਹਿਬ ਅਤੇ ਭਦੌੜ ਤੋਂ ਚੋਣ ਹਾਰ ਗਏ। ਉਨ੍ਹਾਂ ਨੂੰ ਭਦੌੜ 'ਚ 'ਆਪ' ਦੇ ਲਾਭ ਸਿੰਘ ਉਗੋਕੇ ਅਤੇ ਚਮਕੌਰ ਸਾਹਿਬ 'ਚ ਡਾ. ਚਰਨਜੀਤ ਸਿੰਘ ਨੇ ਹਰਾਇਆ। ਭਦੌੜ-ਹਲਕਾ ਭਦੌੜ ਤੋਂ ਆਮ ਆਦਮੀ ਪਾਰਟੀ ਦੇ ਲਾਭ ਸਿੰਘ ਉਗੋਕੇ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 37,220 ਵੋਟਾਂ ਨਾਲ ਹਰਾ ਦਿੱਤਾ। ਲਾਭ ਸਿੰਘ ਨੂੰ 63514, ਚੰਨੀ (ਕਾਂਗਰਸ) ਨੂੰ 26294, ਅਕਾਲੀ ਦਲ ਦੇ ਸਤਨਾਮ ਸਿੰਘ ਰਾਹੀ ਨੂੰ 21,065, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਹੰਸ ਸਿੰਘ ਨੂੰ 8577, ਪੰਜਾਬ ਲੋਕ ਕਾਂਗਰਸ ਦੇ ਧਰਮ ਸਿੰਘ ਫੌਜੀ ਨੂੰ 611, ਸੀਪੀਆਈ (ਐੱਮ) ਦੇ ਬਲਵੀਰ ਸਿੰਘ ਨੂੰ 542, ਜਗਰੂਪ ਸਿੰਘ ਨੂੰ 400, ਬੱਗਾ ਸਿੰਘ ਕਾਹਨੇਕੇ ਨੂੰ 323, ਸੀਪੀਆਈ (ਐੱਮਐੱਲ) ਦੇ ਭਗਵੰਤ ਸਿੰਘ ਸਮਾਓ ਨੂੰ 437, ਰਾਜਿੰਦਰ ਸਿੰਘ ਨੂੰ 261, ਕ੍ਰਿਸ਼ਨ ਸਿੰਘ ਨੂੰ 493, ਗੋਰਾ ਸਿੰਘ ਨੂੰ 337 ਅਤੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਦੀ ਪਤਨੀ (ਆਜ਼ਾਦ ਉਮੀਦਵਾਰ) ਮਨਜੀਤ ਕੌਰ ਨੂੰ 797 ਵੋਟਾਂ ਮਿਲੀਆਂ। ਇਸ ਤੋਂ ਇਲਾਵਾ 858 ਵੋਟਰਾਂ ਨੇ ਨੋਟਾ ਦਾ ਬਟਨ ਦਬਾਇਆ। 'ਆਪ' ਦੇ ਜੇਤੂ ਉਮੀਦਵਾਰ ਲਾਭ ਸਿੰਘ ਉਗੋਕੇ ਨੇ ਜਿੱਤ ਦਾ ਸਰਟੀਫ਼ਿਕੇਟ ਪ੍ਰਾਪਤ ਕੀਤਾ। ਇਸ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਉਹ ਭਾਵੁਕ ਹੋ ਗਏ ਅਤੇ ਕਿਹਾ ਕਿ ਉਹ ਹਲਕੇ ਦੇ ਵੋਟਰਾਂ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਇੱਕ ਆਮ ਪਰਿਵਾਰ ਦੇ ਮੁੰਡੇ ਨੂੰ ਮੁੱਖ ਮੰਤਰੀ ਖ਼ਿਲਾਫ਼ ਵੱਡੀ ਜਿੱਤ ਦਿਵਾਈ ਹੈ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!

Raj Gill has
"NO STRESS MORTGAGE"

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB
INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New
Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


*RATES SUBJECT TO CHANGE WITHOUT ANY NOTICE
HOUSE INSURANCE
UP TO
65%
DISCOUNT
AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any
Insurance Lien & Accident Search Available

# ਪੰਜਾਬ ਨੂੰ ਛੱਡਕੇ ਯੂ ਪੀ, ਉਤਰਾਖੰਡ, ਮਨੀਪੁਰ ਤੇ ਗੋਆ ਵਿਚ ਭਾਜਪਾ ਮੁੜ ਜੇਤੂ

ਨਵੀਂ ਦਿੱਲੀ (ਦਿਓਲ)-ਪੰਜ ਰਾਜਾਂ ਦੀਆਂ ਅਸੈਂਬਲੀ ਚੋਣਾਂ ਲਈ ਐਲਾਨੇ ਨਤੀਜਿਆਂ ਵਿੱਚ ਪੰਜਾਬ ਨੂੰ ਛੱਡ ਕੇ ਚਾਰ ਰਾਜਾਂ ਉੱਤਰ ਪ੍ਰਦੇਸ਼, ਉੱਤਰਾਖੰਡ, ਮਨੀਪੁਰ ਤੇ ਗੋਆ ਵਿੱਚ ਮੁੜ ਕਮਲ ਖਿੜਿਆ ਹੈ। ਉੱਤਰ ਪ੍ਰਦੇਸ਼ ਵਿੱਚ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਮੁੜ ਸਰਕਾਰ ਬਣਾਉਣ ਦੀ ਦਿਸ਼ਾ ਵਿੱਚ ਅੱਗੇ ਵਧ ਗਏ ਹਨ। ਆਖਰੀ ਖ਼ਬਰਾਂ ਮਿਲਣ ਤੱਕ ਭਾਜਪਾ ਨੇ 403 ਮੈਂਬਰੀ ਯੂਪੀ ਅਸੈਂਬਲੀ ਦੀਆਂ 210 ਸੀਟਾਂ 'ਤੇ ਜਿੱਤ ਦਰਜ ਕਰ ਲਈ ਸੀ ਤੇ ਪਾਰਟੀ 45 ਹਲਕਿਆਂ ਵਿੱਚ ਅੱਗੇ ਸੀ। ਉੱਤਰਾਖੰਡ ਵਿੱਚ ਵੀ ਭਾਜਪਾ ਨੇ ਉਪਰੋਥੱਲੀ ਸਰਕਾਰ ਬਣਾਉਣ ਲਈ ਲੋੜੀਂਦੇ ਬਹੁਮੱਤ ਨੂੰ ਸੌਖਿਆਂ ਹੀ ਹਾਸਲ ਕਰ ਲਿਆ। 70 ਮੈਂਬਰੀ ਅਸੈਂਬਲੀ ਵਿੱਚ ਭਗਵਾ ਪਾਰਟੀ ਨੇ 45 ਸੀਟਾਂ ਜਿੱਤ ਲਈਆਂ ਹਨ ਤੇ ਪਾਰਟੀ 2 ਸੀਟਾਂ 'ਤੇ ਅੱਗੇ ਹੈ। ਗੋਆ ਵਿੱਚ ਭਾਜਪਾ ਨੇ ਹੈਟ੍ਰਿਕ ਲਾਉਣ ਦੀ ਤਿਆਰੀ ਖਿੱਚ ਲਈ ਹੈ। ਸਾਹਿਲੀ ਰਾਜ ਵਿੱਚ ਪਾਰਟੀ ਨੇ ਕੁੱਲ 40 ਸੀਟਾਂ ਵਿੱਚੋਂ 20 ਸੀਟਾਂ ਜਿੱਤੀਆਂ ਹਨ ਤੇ ਪਾਰਟੀ ਸਰਕਾਰ ਬਣਾਉਣ ਤੋਂ ਇਕ ਕਦਮ ਦੂਰ ਹੈ। ਆਮ ਆਦਮੀ ਪਾਰਟੀ ਇਥੇ ਦੋ ਸੀਟਾਂ ਨਾਲ ਖਾਤਾ ਖੋਲ੍ਹਣ ਵਿੱਚ ਸਫ਼ਲ ਰਹੀ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਵੱਲੋਂ ਕੀਤੇ ਜ਼ੋਰਦਾਰ ਪ੍ਰਚਾਰ ਦੇ ਬਾਵਜੂਦ ਪਾਰਟੀ ਯੂਪੀ ਵਿੱਚ ਮਹਿਜ਼ ਦੋ ਸੀਟਾਂ ਹੀ ਜਿੱਤ ਸਕੀ ਹੈ। ਇਸ ਦੌਰਾਨ ਯੂਪੀ ਦੇ ਉਪ ਮੁੱਖ ਮੰਤਰੀ ਕੇਸ਼ਵ




ਪ੍ਰਸਾਦ ਮੌਰਿਆ, ਓਬੀਸੀ ਆਗੂ ਸਵਾਮੀ ਪ੍ਰਸਾਦ ਮੌਰਿਆ ਤੇ ਉਤਰਾਖੰਡ ਵਿੱਚ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਹਰੀਸ਼ ਰਾਵਤ ਚੋਣ ਹਾਰ ਗਏ। ਹੁਣ ਤੱਕ ਮਿਲੇ ਰੁਝਾਨਾਂ ਤੇ ਨਤੀਜਿਆਂ ਮੁਤਾਬਕ ਯੂਪੀ ਵਿੱਚ ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣ ਜਾ ਰਹੀ ਭਾਜਪਾ 403 ਮੈਂਬਰੀ ਅਸੈਂਬਲੀ ਵਿੱਚ 255 ਦੇ ਅੰਕੜੇ ਨਾਲ ਆਪਣੀ ਰਵਾਇਤੀ ਵਿਰੋਧੀ ਸਮਾਜਵਾਦੀ ਪਾਰਟੀ ਤੋਂ ਕਿਤੇ ਅੱਗੇ ਹੈ। ਹਾਲਾਂਕਿ ਪੰਜ ਸਾਲ ਪਹਿਲਾਂ ਮਿਲੀਆਂ 312 ਸੀਟਾਂ ਦੇ ਮੁਕਾਬਲੇ ਇਹ ਬਹੁਮੱਤ ਕਿਤੇ ਘੱਟ ਹੈ। ਪਾਰਟੀ ਨੇ 216 ਸੀਟਾਂ ਜਿੱਤ ਲਈਆਂ ਹਨ ਤੇ 39 ਸੀਟਾਂ 'ਤੇ ਉਸ ਨੇ ਲੀਡ ਬਣਾਈ ਹੋਈ ਹੈ। ਪਿਛਲੇ ਤਿੰਨ ਦਹਾਕਿਆਂ ਵਿੱਚ ਪਹਿਲੀ ਵਾਰ ਹੈ ਜਦੋਂ ਕਿਸੇ ਪਾਰਟੀ ਨੂੰ ਲਗਾਤਾਰ ਦੂਜੀ ਵਾਰ ਯੂਪੀ ਦੀ ਸੱਤਾ ਚਲਾਉਣ ਦਾ ਮੌਕਾ ਮਿਲਿਆ ਹੈ। ਅਖਿਲੇਸ਼ ਯਾਦਵ ਦੀਆਂ ਚੋਣ ਰੈਲੀਆਂ ਦੌਰਾਨ ਵੱਡੀਆਂ ਭੀੜਾਂ ਜੁਟਾਉਣ ਵਾਲੀ ਸਮਾਜਵਾਦੀ ਪਾਰਟੀ 79 ਸੀਟਾਂ ਜਿੱਤ ਕੇ 32 ਹੋਰ ਸੀਟਾਂ 'ਤੇ ਅੱਗੇ ਸੀ। ਸਪਾ ਦੇ ਭਾਈਵਾਲ ਰਾਸ਼ਟਰੀ ਲੋਕ ਦਲ ਦੇ ਹਿੱਸੇ 8 ਸੀਟਾਂ ਆਈਆਂ ਹਨ ਤੇ ਐੱਸਬੀਐੱਸਪੀ ਨੇ ਵੀ ਤਿੰਨ ਸੀਟਾਂ ਜਿੱਤ ਲਈਆਂ ਸਨ ਤੇ ਤਿੰਨ ਸੀਟਾਂ 'ਤੇ ਲੀਡ ਬਣਾਈ ਹੋਈ ਸੀ। ਭਾਜਪਾ ਦੇ ਭਾਈਵਾਲਾਂ 'ਚੋਂ ਅਪਨਾ ਦਲ 12 ਸੀਟਾਂ 'ਤੇ ਅੱਗੇ ਸੀ। ਯੂਪੀ ਵਿੱਚ ਭਾਜਪਾ ਤੇ ਸਪਾ ਨੂੰ ਕ੍ਰਮਵਾਰ 41.9 ਫੀਸਦ ਤੇ 31.8 ਵੋਟਾਂ ਪਈਆਂ ਹਨ। ਕੈਲਾਸ਼ ਵਿਜੈਵਰਗੀਆ ਤੇ ਸੁਧਾਂਸ਼ੂ ਤ੍ਰਿਵੇਦੀ ਸਮੇਤ ਹੋਰਨਾਂ ਭਾਜਪਾ ਆਗੂਆਂ ਨੇ ਪਾਰਟੀ ਨੂੰ ਯੂਪੀ ਵਿੱਚ ਮਿਲੀ ਜਿੱਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਮੋਹਰ ਲਾਈ ਹੈ। ਸਾਹਿਲੀ ਰਾਜ ਗੋਆ ਵਿੱਚ ਸੱਤਾਧਾਰੀ ਭਾਜਪਾ ਹੈਟ੍ਰਿਕ ਲਾਉਣ ਦੀ ਤਿਆਰੀ 'ਚ ਹੈ। ਪਾਰਟੀ 40 ਮੈਂਬਰੀ ਗੋਆ ਅਸੈਂਬਲੀ ਵਿੱਚ 20 ਸੀਟਾਂ ਜਿੱਤ ਕੇ ਬਹੁਮੱਤ ਤੋਂ ਇਕ ਕਦਮ ਦੂਰ ਹੈ। ਪਾਰਟੀ ਦੀ ਨੇੜਲੀ ਵਿਰੋਧੀ ਕਾਂਗਰਸ ਨੂੰ 11 ਸੀਟਾਂ ਮਿਲੀਆਂ ਹਨ। ਮਹਾਰਾਸ਼ਟਰ ਗੋਮਾਂਤਕ ਪਾਰਟੀ ਤੇ ਆਮ ਆਦਮੀ ਪਾਰਟੀ ਦੇ ਹਿੱਸੇ ਦੋ ਸੀਟਾਂ ਆਈਆਂ ਹਨ। ਇਕ-ਇਕ ਸੀਟ ਗੋਆ ਫਾਰਵਰਡ ਪਾਰਟੀ ਤੇ ਰੈਵੋਲਿਊਸ਼ਨਰੀ ਗੋਆਨਸ ਪਾਰਟੀ ਦੇ ਹਿੱਸੇ ਆਈ। ਉੱਤਰਾਖੰਡ ਵਿੱਚ ਵੀ ਤਸਵੀਰ ਇਕਦਮ ਸਾਫ਼ ਹੋ ਗਈ ਹੈ। 70 ਮੈਂਬਰੀ ਅਸੈਂਬਲੀ ਵਿੱਚ ਭਾਜਪਾ ਨੇ 47 ਸੀਟਾਂ ਜਿੱਤੀਆਂ ਹਨ।

# ਬੀ.ਸੀ. ਦੇ ਗੁਰਦੁਆਰਾ ਸਾਹਿਬਾਨ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਲੱਖ ਡਾਲਰ ਦੀ ਰਾਸ਼ੀ ਭੇਜੀ

## ਕੋਰੋਨਾ ਦੌਰਾਨ ਲੰਗਰ ਦੀ ਸੇਵਾ ਲਈ ਖਰਚੀ ਗਈ ਇਕ ਰਕਮ

ਸਰੀ (ਹਰਦਮ ਮਾਨ)-ਬੀਸੀ ਦੇ ਲੋਅਰਮੇਨਲੈਂਡ ਦੇ ਕੁਝ ਗੁਰਦੁਆਰਾ ਸਾਹਿਬਾਨ ਵੱਲੋਂ ਕੋਰੋਨਾ ਦੌਰਾਨ ਲੰਗਰ ਵਾਸਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਲੱਖ ਡਾਲਰ ਭੇਜੇ ਗਏ ਸਨ ਅਤੇ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਰਾਸ਼ੀ ਦੀ ਲੰਗਰ ਲਈ ਕੀਤੀ ਵਰਤੋਂ ਸੰਬੰਧੀ ਸਰਟੀਫਿਕੇਟ ਇਨ੍ਹਾਂ ਗੁਰਦੁਆਰਾ ਸਾਹਿਬਾਨ ਨੂੰ ਭੇਜਿਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਜਨਰਲ ਸਕੱਤਰ ਜਰਨੈਲ ਸਿੰਘ ਭੰਡਾਲ ਨੇ ਦੱਸਿਆ ਹੈ ਕਿ ਇਹ ਇੱਕ ਲੱਖ ਡਾਲਰ ਭੇਜਣ ਵਿੱਚ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਅਕਾਲੀ ਸਿੰਘ ਸਿੱਖ ਸੁਸਾਇਟੀ, ਗੁਰੂ ਰਵੀਦਾਸ ਸਭਾ ਬਰਨਬੀ, ਬੀਅਰ ਕਰੀਕ ਗੁਰਦੁਆਰਾ ਸਾਹਿਬ, ਖ਼ਾਲਸਾ ਦੀਵਾਨ ਸੁਸਾਇਟੀ ਸਰੀ, ਗੁਰਦੁਆਰਾ ਬਰੁੱਕਸਾਈਡ ਸਾਹਿਬ ਸਰੀ, ਖ਼ਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਅਤੇ ਅਲਬਰਨੀ ਵੈਲੀ ਗੁਰਦੁਆਰਾ ਪੋਰਟ ਅਲਬਰਨੀ ਨੇ ਆਪਣਾ ਯੋਗਦਾਨ ਪਾਇਆ ਸੀ। ਸਰਦਾਰ ਭੰਡਾਲ ਨੇ ਦੱਸਿਆ ਕਿ ਇਹ ਇੱਕ ਲੱਖ ਡਾਲਰ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੂੰ ਕੋਵਿਡ-19 ਦੇ ਦੌਰਾਨ ਲੋੜਵੰਦ ਸੰਗਤਾਂ ਦੀ ਜ਼ਰੂਰਤ ਵਾਸਤੇ ਭੇਜੇ ਗਏ ਸਨ. ਗੁਰਦੁਆਰਾ ਦੇ ਸੰਵਿਧਾਨ ਅਨੁਸਾਰ ਲੋੜਵੰਦ ਭਾਰਤੀਆਂ ਨੂੰ ਲੰਗਰ ਦੀ ਜ਼ਰੂਰਤ ਵਾਸਤੇ ਹੀ ਰਾਸ਼ੀ ਭੇਜੀ ਜਾ ਸਕਦੀ ਸੀ, ਜੋ ਕਾਨੂੰਨੀ ਤੌਰ ਤੇ ਭੇਜੀ ਗਈ ਸੀ। ਇਸ ਕਾਰਜ ਲਈ ਕੈਨੇਡਾ ਰੈਵੀਨਿਊ ਏਜੰਸੀ ਤੋਂ ਵੀ ਕਾਨੂੰਨੀ ਤੌਰ ਤੇ ਆਗਿਆ ਲਈ ਗਈ ਸੀ। ਉਨ੍ਹਾਂ ਕਿਹਾ ਕਿ ਇਹ ਖ਼ੁਸ਼ੀ ਦੀ ਖ਼ਬਰ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਇਹ ਰਾਸ਼ੀ ਲੋੜਵੰਦਾਂ ਦੀ ਸੇਵਾ ਵਾਸਤੇ ਖਰਚੀ ਗਈ ਹੈ ਅਤੇ ਇਸ ਦੀ ਵਰਤੋਂ ਦਾ ਸਰਟੀਫਿਕੇਟ ਵੀ ਕਮੇਟੀ ਵੱਲੋਂ ਭੇਜਿਆ ਗਿਆ ਹੈ। ਇਸੇ ਦੌਰਾਨ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਮੁੱਖ ਸੇਵਾਦਾਰ ਭਾਈ ਮਲਕੀਅਤ ਸਿੰਘ ਧਾਮੀ ਅਤੇ ਉਕਤ ਸਭਨਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.

Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring
50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ

- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

# ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਰੁਲਣ ਲਈ ਮਜ਼ਬੂਰ ਕਿਉਂ ?

**ਸੁਖਵਿੰਦਰ ਸਿੰਘ ਚੋਹਲਾ**

ਰੂਸ ਵਲੋਂ ਯੂਕਰੇਨ ਉਪਰ 24 ਫਰਵਰੀ ਨੂੰ ਕੀਤੇ ਗਏ ਹਮਲੇ ਉਪਰੰਤ ਦੋਵਾਂ ਮੁਲਕਾਂ ਵਿਚ ਚੱਲ ਰਹੀ ਜੰਗ 11-12ਵੇਂ ਦਿਨ ਵਿਚ ਦਾਖਲ ਹੋ ਚੁੱਕੀ ਹੈ। ਕੌਮਾਂਤਰੀ ਭਾਈਚਾਰੇ ਵਲੋਂ ਅਪੀਲਾਂ ਦੇ ਬਾਵਜੂਦ ਰੂਸ ਵਲੋਂ ਲਗਾਤਾਰ ਹਮਲੇ ਜਾਰੀ ਹਨ। ਅਮਰੀਕਾ ਤੇ ਪੱਛਮੀ ਮੁਲਕਾਂ ਵਲੋਂ ਰੂਸ ਖਿਲਾਫ ਆਰਥਿਕ ਪਾਬੰਦੀਆਂ ਤੇ ਧਮਕੀਆਂ ਦੀ ਪਰਵਾਹ ਕੀਤੇ ਬਿਨਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦਾ ਕਹਿਣਾ ਹੈ ਕਿ ਉਹ ਆਪਣੇ ਨਿਸ਼ਾਨੇ ਦੀ ਪੂਰਤੀ ਵਲ ਸੇਧਿਤ ਹਨ। ਰੂਸ ਦੁਆਰਾ ਯੂਕਰੇਨ ਦੇ 2100 ਤੋਂ ਉਪਰ ਫੌਜੀ ਅੱਡਿਆਂ ਨੂੰ ਤਬਾਹ ਕਰਨ ਉਪਰੰਤ ਐਲਾਨ ਕੀਤਾ ਹੈ ਕਿ ਉਸਦਾ ਮੁਖ ਮਕਸਦ ਪੂਰੇ ਯੂਕਰੇਨ ਉਪਰ ਕਬਜ਼ਾ ਕਰਨਾ ਹੈ। ਰਾਸ਼ਟਰਪਤੀ ਪੁਤਿਨ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਹੋ ਸਕਦਾ ਹੈ ਕਿ ਯੂਕਰੇਨ ਆਪਣਾ ਆਜ਼ਾਦ ਮੁਲਕ ਵਜੋਂ ਅਸਤਿਤਵ ਹੀ ਗਵਾ ਲਵੇ। ਉਧਰ ਯੂਕਰੇਨੀ ਰਾਸ਼ਟਰਪਤੀ ਜੋ ਰੂਸ ਦੇ ਹਜ਼ਾਰਾਂ ਸੈਨਿਕ ਮਾਰਨ ਦਾ ਦਾਅਵੇ ਕਰ ਰਹੇ ਹਨ, ਅਮਰੀਕਾ ਤੇ ਨਾਟੋ ਨੂੰ 'ਕਮਜ਼ੋਰ' ਹੋਣ ਦੇ ਮਿਹਣੇ ਮਾਰ ਰਹੇ ਹਨ ਤੇ ਕਿਸੇ ਵੀ ਹਾਲਤ ਵਿਚ ਪਿੱਛੇ ਨਾ ਹਟਣ ਦੀ ਰਟ ਲਗਾ ਰਹੇ ਹਨ।

ਰਾਸ਼ਟਰਪਤੀ ਪੁਤਿਨ ਦੇ ਤਾਜ਼ਾ ਬਿਆਨ ਤੋਂ ਸਾਫ ਹੈ ਕਿ ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਤੋਂ ਬਿਨਾਂ ਪਿੱਛੇ ਹਟਣ ਵਾਲੇ ਨਹੀ। ਉਹ ਕਿਸੇ ਵੀ ਹਾਲ ਯੂਕਰੇਨੀ ਰਾਸ਼ਟਰਪਤੀ ਜ਼ੇਲੈਂਸਕੀ ਨੂੰ ਅਹੁਦੇ ਤੇ ਬਣੇ ਰਹਿਣਾ ਨਹੀ ਵੇਖਣਾ ਚਾਹੁੰਦੇ। ਜ਼ਾਹਰ ਹੈ ਕਿ ਰੂਸ ਤੇ ਯੂਕਰੇਨ ਜੰਗ ਲੰਬੀ ਚੱਲ ਸਕਦੀ ਹੈ।

ਇਸ ਦੌਰਾਨ ਯੂਕਰੇਨ ਵਿਚ ਫਸੇ ਹਜਾਰਾਂ ਭਾਰਤੀ ਵਿਦਿਆਰਥੀਆਂ ਨੂੰ ਸੁਰੱਖਿਅਤ ਕੱਢੇ ਜਾਣ ਦੀ ਕਾਰਵਾਈ ਜਾਰੀ ਹੈ। ਯੂਕਰੇਨ ਵਿਚ ਲਗਪਗ 20,000 ਭਾਰਤੀ ਵਿਦਿਆਰਥੀ ਡਾਕਟਰੀ ਤੇ ਉਚ ਵਿਦਿਆ ਗ੍ਰਹਿਣ ਕਰ ਰਹੇ ਸਨ। ਇਹਨਾਂ ਚੋ ਲਗਪਗ 10,000 ਦੇ ਕਰੀਬ ਵਿਦਿਆਰਥੀਆਂ ਨੂੰ ਵਿਸ਼ੇਸ਼ ਉਡਾਣਾਂ ਰਾਹੀ ਸੁਰੱਖਿਅਤ ਭਾਰਤ ਲਿਆਂਦਾ ਜਾ ਚੁੱਕਾ ਹੈ। ਬਾਕੀ ਰਹਿੰਦੇ ਭਾਰਤੀਆਂ ਨੂੰ ਵੀ ਲਿਆਉਣ ਦੇ ਉਪਰਾਲੇ ਹੋ ਰਹੇ ਹਨ। ਭਾਵੇਕਿ ਇਸ ਦੌਰਾਨ ਭਾਰਤੀ ਵਿਦਿਆਰਥੀਆਂ ਦੇ ਦੂਸਰੇ ਮੁਲਕਾਂ ਦੇ ਬਾਰਡਰਾਂ ਉਪਰ ਬੁਰੇ ਹਾਲੀਂ ਹੋਣ ਦੀਆਂ ਖਬਰਾਂ ਤੇ ਵੀਡੀਓ ਆ ਰਹੀਆਂ ਹਨ। ਭਾਰਤੀ ਸਫਾਰਤਖਾਨੇ ਦੇ ਅਧਿਕਾਰੀਆਂ ਦੇ ਸਖਤ ਵਿਵਹਾਰ ਦੀਆਂ ਵੀ ਸ਼ਿਕਾਇਤਾਂ ਹਨ। ਜੰਗ ਦੌਰਾਨ ਦੋ ਭਾਰਤੀ ਵਿਦਿਆਰਥੀਆਂ - ਨਵੀਨ ਸ਼ੇਖਾਰੱਪਾ ਤੇ ਨਵੀਨ ਜਿੰਦਲ ਦੇ ਮਾਰੇ ਜਾਣ ਕਾਰਣ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਵਿਚ ਭਾਰੀ ਚਿੰਤਾ ਤੇ ਡਰ ਵਾਲਾ ਮਾਹੌਲ ਹੈ। ਭਾਰਤ ਸਰਕਾਰ ਨੇ ਹਾਲਾਤ ਦੀ ਸੰਜੀਦਗੀ ਨੂੰ ਵੇਖਦਿਆਂ ਚਾਰ ਕੇਂਦਰੀ ਮੰਤਰੀਆਂ -ਮਾਧਵ ਰਾਓ ਸਿੰਧੀਆ, ਹਰਦੀਪ ਸਿੰਘ ਪੁਰੀ, ਕਿਰਨ ਰਿਜੂ ਤੇ ਜਨਰਲ ਵੀਕੇ ਸਿੰਘ ਦੀ ਵਿਸ਼ੇਸ਼ ਡਿਊਟੀ ਲਗਾਈ ਹੈ ਜੋ ਯੂਕਰੇਨ ਨਾਲ ਲਗਦੇ ਹੰਗਰੀ, ਰੋਮਾਨੀਆ, ਸਲੋਵਾਕੀਆ ਤੇ ਪੋਲੈਂਡ ਦੇ ਬਾਰਡਰਾਂ ਉਪਰ ਸਬੰਧਿਤ ਮੁਲਕਾਂ ਦੇ ਅਧਿਕਾਰੀਆਂ ਨਾਲ ਤਾਲਮੇਲ ਕਰ ਰਹੇ ਹਨ ਤਾਂਕਿ ਇਹਨਾਂ ਬਾਰਡਰਾਂ ਉਪਰ ਪੁੱਜਣ ਵਾਲੇ ਭਾਰਤੀਆਂ ਨੂੰ ਸੁਰੱਖਿਅਤ ਲਾਂਘੇ ਤੇ ਕੱਢੇ ਜਾਣ ਦੇ ਅਮਲ ਨੂੰ ਅੰਜ਼ਾਮ ਦਿੱਤਾ ਜਾ ਸਕੇ।



ਇਸ ਸੰਕਟ ਦੇ ਸਮੇਂ ਜੰਗ ਗ੍ਰਸਤ ਮੁਲਕ ਵਿਚ ਫਸੇ ਭਾਰਤੀ ਵਿਦਿਆਰਥੀਆਂ ਨੂੰ ਸੁੱਰਖਿਅਤ ਕੱਢਿਆ ਜਾਣਾ ਭਾਰਤ ਸਰਕਾਰ ਦਾ ਪਹਿਲਾ ਮੁੱਢਲਾ ਫਰਜ਼ ਹੈ ਪਰ ਇਸ ਦੌਰਾਨ ਕੁਝ ਏਅਰਲਾਈਨਜ਼ ਵਲੋਂ ਹਵਾਈ ਟਿਕਟਾਂ ਦੇ ਮੁੱਲ ਦੁਗਣੇ -ਤਿਗੁਣੇ ਕਰਕੇ ਵਿਦਿਆਰਥੀਆਂ ਦੀ ਮਜ਼ਬੂਰੀ ਦਾ ਫਾਇਦਾ ਉਠਾਇਆ ਜਾ ਰਿਹਾ ਹੈ। ਭਾਰਤ ਸਰਕਾਰ ਜਾਂ ਭਾਰਤੀ ਸਫਾਰਤਖਾਨੇ ਵਲੋਂ ਇਸ ਮਾਮਲੇ ਵਿਚ ਕੋਈ ਦਖਲ ਨਾ ਦੇਣ ਦੀ ਵੀ ਸ਼ਿਕਾਇਤ ਹੈ।

ਰੂਸ-ਯੂਕਰੇਨ ਜੰਗ ਦੌਰਾਨ ਯੂਕਰੇਨ ਵਿਚ ਫਸੇ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਦੀ ਖਬਰ ਤੋਂ ਭਾਰਤੀ ਵਿਦਿਅਕ ਪ੍ਰਣਾਲੀ ਅਤੇ ਸਰਕਾਰ ਦੇ ਦਾਅਵਿਆਂ ਬਾਰੇ ਚਰਚਾ ਲੋਕਾਂ ਦੀ ਜ਼ੁਬਾਨ ਤੇ ਹੈ। ਸੂਤਰਾਂ ਮੁਤਾਬਿਕ ਭਾਰਤ ਵਿਚ ਮੈਡੀਕਲ ਦੀ ਪੜਾਈ ਕਾਫੀ ਮਹਿੰਗੀ ਹੋਣ ਕਾਰਣ ਮੱਧਵਰਗੀ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਭੇਜਣ ਨੂੰ ਤਰਜੀਹ ਦਿੰਦੇ ਆ ਰਹੇ ਹਨ। ਇਸ ਸਮੇ ਲਗਪਗ 20,000 ਭਾਰਤੀ ਵਿਦਿਆਰਥੀਆਂ ਯੂਕਰੇਨ ਵਿਚ ਪੜਾਈ ਕਰ ਰਹੇ ਹਨ ਜਿਹਨਾਂ ਚੋ 18,000 ਦੇ ਕਰੀਬ ਕੇਵਲ ਮੈਡੀਕਲ ਵਿਦਿਆਰਥੀਆਂ ਹਨ। ਹਰ ਸਾਲ 4 ਹਜ਼ਾਰ ਵਿਦਿਆਰਥੀ ਮੈਡੀਕਲ ਪੜਾਈ ਮੁਕੰਮਲ ਕਰਕੇ ਭਾਰਤ ਪਰਤਦੇ ਹਨ ਜਿਹਨਾਂ ਨੂੰ ਭਾਰਤ ਵਿਚ ਵਿਦੇਸ਼ੀ ਪੜਾਈ ਦੀ ਮਾਨਤਾ ਲਈ ਭਾਰਤੀ ਮੈਡੀਕਲ ਕੌਂਸਲ ਦਾ ( ਫੌਰਨ ਗਰੇਜੂਏਟ ਮੈਡੀਕਲ ਐਗਜ਼ਾਮ) ਟੈਸਟ ਪਾਸ ਕਰਨਾ ਪੈਂਦਾ ਹੈ। ਭਾਰਤ ਵਿਚ ਇਕ ਐਮ ਬੀ ਬੀ ਐਸ ਵਿਦਿਆਰਥੀ ਦੀ ਪੜਾਈ ਉਪਰ ਲਗਪਗ 90 ਲੱਖ ਰੁਪਏ ਖਰਚ ਆਉਂਦੇ ਹਨ ਜਦੋਂਕਿ ਯੂਕਰੇਨ ਵਿਚ ਇਹ ਕੋਰਸ ਕੇਵਲ 20 ਲੱਖ ਰੁਪਏ ਵਿਚ ਹੋ ਜਾਂਦਾ ਹੈ। ਭਾਰਤ ਵਿਚ ਮੈਡੀਕਲ ਪੜਾਈ ਇਤਨੀ ਜ਼ਿਆਦਾ ਮਹਿੰਗੀ ਹੋਣ ਕਾਰਣ ਮੱਧ ਵਰਗੀ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਡਾਕਟਰ ਬਣਾਉਣ ਲਈ ਦੂਸਰੇ ਮੁਲਕਾਂ ਵੱਲ ਰੁਖ ਕਰਨਾ ਪੈਂਦਾ ਹੈ। ਭਾਰਤ ਵਿਚ ਮੈਡੀਕਲ ਦੀਆਂ ਕੁਲ 90 ਲੱਖ ਦੇ ਕਰੀਬ ਸੀਟਾਂ ਹਨ ਜਿਹਨਾਂ ਚੋ ਕੇਵਲ ਅੱਧੀਆਂ ਹੀ ਸਰਕਾਰੀ ਮੈਡੀਕਲ ਕਾਲਜਾਂ ਦੇ ਹਿੱਸੇ ਹਨ। ਹਰ ਸਾਲ 7- 8 ਲੱਖ ਬੱਚੇ ਮੈਡੀਕਲ ਦਾਖਲਾ ਟੈਸਟ ਪਾਸ ਕਰਦੇ ਹਨ ਪਰ ਇਤਨੀਆਂ ਘੱਟ ਸੀਟਾਂ ਹੋਣ ਕਾਰਣ ਉਹਨਾਂ ਨੂੰ ਭਾਰਤ ਵਿਚ ਸੀਟ ਮਿਲਣੀ ਮੁਸ਼ਕਲ ਹੋ ਜਾਂਦੀ ਹੈ। ਅੰਕੜੇ ਦੱਸਦੇ ਹਨ ਕਿ ਹਰ ਸਾਲ 8 ਤੋਂ 10 ਲੱਖ ਭਾਰਤੀ ਵਿਦਿਆਰਥੀਆਂ ਵਿਦੇਸ਼ਾਂ ਵਿਚ ਪੜਾਈ ਲਈ ਜਾਂਦੇ ਹਨ ਜੋ ਹਰ ਸਾਲ ਲਗਪਗ 28 ਅਰਬ ਡਾਲਰ ਖਰਚਦੇ ਹਨ ਜੋ ਕਿ ਭਾਰਤ ਦੀ ਜੀ ਡੀ ਪੀ ਦਾ ਇਕ ਪ੍ਰਤੀਸ਼ਤ ਬਣਦਾ ਹੈ। ਇਹਨਾਂ ਵਿਦਿਆਰਥੀਆਂ ਦੀਆਂ ਫੀਸਾਂ ਦਾ ਹਿੱਸਾ ਹੀ 6 ਅਰਬ ਡਾਲਰ ਹੈ। ਜਿਸ ਨਾਲ ਭਾਰਤ ਵਿਚ ਹਰ ਸਾਲ 10 ਮੈਡੀਕਲ ਕਾਲਜ ਜਾਂ ਆਈ ਆਈ ਟੀ ਵਰਗੀਆਂ ਸੰਸਥਾਵਾਂ ਬਣ ਸਕਦੀਆਂ ਹਨ। ਪਰ ਭਾਰਤੀ ਸਿਆਸਤਦਾਨਾਂ ਵਿਚ ਇੱਛਾ ਸ਼ਕਤੀ ਦੀ ਘਾਟ ਜਾਂ ਕਾਰਪੋਰਟ ਅਦਾਰਿਆਂ ਨੂੰ ਲਾਭ ਪਹੁੰਚਾਉਣ ਹਿੱਤ ਇਸ ਪਾਸੇ ਲੋੜੀਦਾ ਧਿਆਨ ਨਹੀ ਦਿੱਤਾ ਜਾਂਦਾ। ਜਦੋਂ ਇਹਨਾਂ ਸਿਆਸਤਦਾਨਾਂ ਨੂੰ ਕੋਈ ਸਵਾਲ ਕਰਨ ਦਾ ਯਤਨ ਕਰਦਾ ਹੈ ਤਾਂ ਉਹ ਬੇਸ਼ਰਮੀ ਦੀ ਹੱਦ ਪਾਰ ਕਰਨੋ ਨਹੀ ਸੰਗਦੇ। ਯੂਕਰੇਨ ਜੰਗ ਦੌਰਾਨ ਦੋ ਭਾਰਤੀ ਵਿਦਿਆਰਥੀਆਂ ਦੇ ਮਾਰੇ ਜਾਣ ਦੀ ਖਬਰ ਉਪਰੰਤ ਜਦੋ ਇਹ ਸਵਾਲ ਉਭਰਵੇ ਰੂਪ ਵਿਚ ਸਾਹਮਣੇ ਆਇਆ ਕਿ ਭਾਰਤੀ ਵਿਦਿਆਰਥੀ ਮੈਡੀਕਲ ਦੀ ਸਿੱਖਿਆ ਲੈਣ ਲਈ ਵਿਦੇਸ਼ ਜਾਣ ਲਈ ਮਜ਼ਬੂਰ ਕਿਉ ਹਨ ਤਾਂ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਦਾ ਜਵਾਬ ਸੀ ਕਿ ਵਿਦੇਸ਼ਾਂ ਵਿਚ ਉਹ ਨਾਲਾਇਕ ਬੱਚੇ ਜਾਂਦੇ ਹਨ ਜੋ ਭਾਰਤ ਵਿਚ ਮੈਡੀਕਲ ਟੈਸਟ ਪਾਸ ਨਹੀ ਕਰ ਪਾਉਂਦੇ। ਜਦੋਂਕਿ ਸੱਚਾਈ ਇਹ ਹੈ ਕਿ ਜੰਗ ਦੌਰਾਨ ਗੋਲੀ ਦਾ ਨਿਸ਼ਾਨਾ ਬਣੇ ਭਾਰਤੀ ਵਿਦਿਆਰਥੀ ਨਵੀਨ ਦੇ ਮੈਡੀਕਲ ਪ੍ਰੀਖਿਆ ਚੋ 97 ਪ੍ਰਤੀਸ਼ਤ ਨੰਬਰ ਸਨ ਪਰ ਉਸਦੇ ਮਾਪੇ ਭਾਰਤ ਵਿਚ ਉਸਦਾ ਮੈਡੀਕਲ ਖਰਚਾ ਚੁੱਕਣ ਤੋ ਅਸਮਰਥ ਸਨ। ਇਸ ਦੌਰਾਨ ਕੁਝ ਹੋਰ ਆਗੂਆਂ ਦੀਆਂ ਵਿਵਾਦਪੂਰਣ ਤੇ ਸ਼ਰਮਨਾਮ ਟਿਪਣੀਆਂ ਵੀ ਸੁਣਨ ਨੂੰ ਮਿਲੀਆਂ ਹਨ। ਸੋਚਿਆ ਜਾ ਸਕਦਾ ਹੈ ਕਿ ਦੇਸ਼ ਦੀ ਵਾਗਡੋਰ ਕਿਸ ਕਿਸਮ ਦੇ ਨੇਤਾਵਾਂ ਦੇ ਹੱਥ ਹੈ? ਜੋ ਸੰਕਟ ਦੀ ਘੜੀ ਵਿਚ ਵੀ ਆਪਣੀ ਅਕਲ ਦਾ ਜਨਾਜ਼ਾ ਕੱਢਣ ਤੋ ਬਾਜ਼ ਨਹੀ ਆਉਂਦੇ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661

# ਪੰਜਾਬ ਚੋਣਾਂ 'ਚ ਆਮ ਆਦਮੀ ਪਾਰਟੀ ਨੇ 92 ਸੀਟਾਂ ਜਿੱਤਕੇ ਨਵਾਂ ਇਤਿਹਾਸ ਸਿਰਜਿਆ

ਸਫ਼ਾ 1 ਦੀ ਬਾਕੀ

ਵੰਡਣ ਦੀਆਂ ਕੋਸ਼ਿਸ਼ਾਂ ਵੀ 'ਆਪ' ਦੇ ਪੱਖ 'ਚ ਚੱਲੀ ਹਵਾ ਨੂੰ ਕਿਸੇ ਵੀ ਤਰ੍ਹਾਂ ਠੱਲ ਨਹੀਂ ਸਕੀਆਂ। ਪੰਜਾਬ ਦੇ ਲੋਕਾਂ ਨੇ 'ਆਪ' ਦੇ ਜਿਨ੍ਹਾਂ ਵੱਡੇ ਆਗੂਆਂ ਨੂੰ ਜਿੱਤ ਬਖਸ਼ੀ ਹੈ ਉਨ੍ਹਾਂ ਵਿੱਚ ਧੂਰੀ ਤੋਂ ਭਗਵੰਤ ਮਾਨ, ਦਿੜ੍ਹਬਾ ਤੋਂ ਹਰਪਾਲ ਸਿੰਘ ਚੀਮਾ, ਕੋਟਕਪੂਰਾ ਤੋਂ ਕੁਲਤਾਰ ਸਿੰਘ ਸੰਧਵਾਂ, ਬੁਢਲਾਡਾ ਤੋਂ ਪ੍ਰਿੰਸੀਪਲ ਬੁੱਧ ਰਾਮ, ਸੁਨਾਮ ਤੋਂ ਅਮਨ ਅਰੋੜਾ, ਬਰਨਾਲਾ ਤੋਂ ਗੁਰਮੀਤ ਸਿੰਘ ਮੀਤ ਹੇਅਰ, ਜਗਰਾਓਂ ਤੋਂ ਸਰਬਜੀਤ ਕੌਰ ਮਾਣੂੰਕੇ, ਪਟਿਆਲਾ ਦਿਹਾਤੀ ਤੋਂ ਡਾ. ਬਲਬੀਰ ਸਿੰਘ, ਅੰਮ੍ਰਿਤਸਰ (ਉੱਤਰੀ) ਤੋਂ ਡਾ. ਨਿੱਝਰ, ਅਜਨਾਲਾ ਤੋਂ ਕੁਲਦੀਪ ਸਿੰਘ ਧਾਲੀਵਾਲ, ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ, ਆਨੰਦਪੁਰ ਸਾਹਿਬ ਤੋਂ ਹਰਜੋਤ ਸਿੰਘ ਬੈਂਸ, ਸਾਬਕਾ ਆਈਪੀਐੱਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਆਦਿ ਸ਼ਾਮਲ ਹਨ। ਆਮ ਆਦਮੀ ਪਾਰਟੀ ਦੇ ਜੇਤੂ ਰਹਿਣ ਵਾਲੇ ਜ਼ਿਆਦਾਤਰ ਚਿਹਰੇ ਨਵੇਂ ਹਨ ਜਦੋਂ ਕਿ 10 ਦੇ ਕਰੀਬ ਆਗੂ ਦੂਜੀ ਵਾਰ ਵਿਧਾਨ ਸਭਾ ਲਈ ਚੁਣੇ ਗਏ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਕਾਂਗਰਸ ਦੇ ਜ਼ਿਆਦਾਤਰ ਮੰਤਰੀਆਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਪਰਗਟ ਸਿੰਘ, ਰਾਣਾ ਗੁਰਜੀਤ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਅਰੁਣਾ ਚੌਧਰੀ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ ਸਮੇਤ 17 ਉਮੀਦਵਾਰਾਂ ਨੇ ਜਿੱਤ ਹਾਸਲ ਕਰਕੇ ਕਾਂਗਰਸ ਦੀ ਲਾਜ ਰੱਖੀ ਹੈ। ਨਵਜੋਤ ਸਿੰਘ ਸਿੱਧੂ, ਰਾਜਿੰਦਰ ਕੌਰ ਭੱਠਲ, ਮਨਪ੍ਰੀਤ ਸਿੰਘ ਬਾਦਲ, ਭਾਰਤ ਭੂਸ਼ਨ ਆਸ਼ੂ, ਸਪੀਕਰ ਰਾਣਾ ਕੇ.ਪੀ. ਸਿੰਘ, ਸੰਗਤ ਸਿੰਘ ਗਿਲਜ਼ੀਆਂ, ਰਣਦੀਪ ਸਿੰਘ ਕਾਕਾ, ਵਿਜੈ ਇੰਦਰ ਸਿੰਗਲਾ, ਗੁਰਪ੍ਰੀਤ ਸਿੰਘ ਕਾਂਗੜ, ਸੁੰਦਰ ਸ਼ਾਮ ਅਰੋੜਾ, ਬਲਬੀਰ ਸਿੰਘ ਸਿੱਧੂ ਨੂੰ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ। ਸਾਧੂ ਸਿੰਘ ਧਰਮਸੋਤ ਦੀ ਤਾਂ ਜ਼ਮਾਨਤ ਹੀ ਜ਼ਬਤ ਹੋ ਗਈ। ਅਕਾਲੀ ਦਲ ਤੇ ਭਾਜਪਾ ਦੇ ਜਿਨ੍ਹਾਂ ਵੱਡੇ ਆਗੂਆਂ ਨੂੰ ਹਾਰ ਨਸੀਬ ਹੋਈ, ਉਨ੍ਹਾਂ ਵਿੱਚ ਬਿਕਰਮ ਸਿੰਘ ਮਜੀਠੀਆ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬੀਬੀ ਜਗੀਰ ਕੌਰ, ਗੋਬਿੰਦ ਸਿੰਘ ਲੌਂਗੋਵਾਲ, ਸਿਕੰਦਰ ਸਿੰਘ ਮਲੂਕਾ, ਜਥੇਦਾਰ ਤੋਤਾ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਸ਼ਰਨਜੀਤ ਸਿੰਘ ਢਿੱਲੋਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜਨਮੇਜਾ ਸਿੰਘ ਸੇਖੋਂ, ਜਗਮੀਤ ਸਿੰਘ ਬਰਾੜ, ਮਨੋਰੰਜਨ ਕਾਲੀਆ, ਤੀਕਸ਼ਣ ਸੂਦ, ਰਾਣਾ ਗੁਰਮੀਤ ਸਿੰਘ ਸੋਢੀ, ਫਤਿਹਜੰਗ ਸਿੰਘ ਬਾਜਵਾ, ਪਰਮਿੰਦਰ ਸਿੰਘ ਢੀਂਡਸਾ ਆਦਿ ਸ਼ਾਮਲ ਹਨ। ਲੰਘੀ ਰਾਤ ਤੱਕ ਸਰਕਾਰ ਦੇ ਗਠਨ ਦੇ ਸੁਪਨੇ ਲੈਣ ਵਾਲੀ ਕਾਂਗਰਸ ਦੇ ਹਿੱਸੇ ਕੁੱਲ 18 ਸੀਟਾਂ ਆਈਆਂ ਸਨ। ਪੰਜਾਬ ਵਿੱਚ 20 ਫਰਵਰੀ ਨੂੰ ਪਈਆਂ ਵੋਟਾਂ ਦੀ ਗਿਣਤੀ ਅੱਜ ਸਵੇਰੇ ਅੱਠ ਵਜੇ ਸ਼ੁਰੂ ਹੋਈ ਤਾਂ ਮੁੱਢਲੇ ਰੁਝਾਨਾਂ ਦੌਰਾਨ ਹੀ 'ਆਪ' ਨੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਪਛਾੜਨਾ ਸ਼ੁਰੂ ਕਰ ਦਿੱਤਾ ਸੀ। ਗਿਣਤੀ ਕੇਂਦਰਾਂ 'ਤੇ ਜਿਵੇਂ ਜਿਵੇਂ ਵੋਟਾਂ ਦੀ ਗਿਣਤੀ ਦੇ ਗੇੜ ਵਧਦੇ ਗਏ, 'ਆਪ' ਵਿਧਾਇਕਾਂ ਦੀ ਜੇਤੂ ਗਿਣਤੀ ਵੀ ਵਧ ਲੱਗ ਗਈ। ਦੁਪਹਿਰ ਤੱਕ ਤਸਵੀਰ ਪੂਰੀ ਤਰ੍ਹਾਂ ਸਾਫ਼ ਹੋ ਗਈ ਸੀ ਕਿ ਪੰਜਾਬੀਆਂ ਨੇ ਅਗਲੇ ਪੰਜ ਸਾਲਾਂ ਲਈ ਹਕੂਮਤ ਦੀ ਵਾਗਡੋਰ ਭਗਵੰਤ ਮਾਨ ਦੇ ਹੱਥ ਫੜਾ ਦਿੱਤੀ ਹੈ। ਉਧਰ ਕਾਂਗਰਸ ਪਾਰਟੀ ਨੂੰ ਦਲਿਤ ਪੱਤਾ ਖੇਡਣਾ ਰਾਸ ਨਾ ਆਇਆ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੋਹਾਂ ਹਲਕਿਆਂ ਭਦੌੜ ਅਤੇ ਚਮਕੌਰ ਸਾਹਿਬ ਤੋਂ ਹਾਰ ਗਏ। ਇਨ੍ਹਾਂ ਚੋਣਾਂ ਦੀ ਸਭ ਤੋਂ ਵੱਡੀ ਵਿਲੱਖਣਤਾ ਇਹ ਰਹੀ ਕਿ ਛੇ ਦਹਾਕਿਆਂ ਤੋਂ ਸਰਗਰਮ ਤੇ ਪੰਜ ਵਾਰੀ ਮੁੱਖ ਮੰਤਰੀ ਰਹੇ ਸੂਬੇ ਦੇ ਬਜ਼ੁਰਗ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ ਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪਟਿਆਲਾ ਸ਼ਹਿਰ ਦੇ ਲੋਕਾਂ ਨੇ ਮਾਣ ਨਹੀਂ ਬਖਸ਼ਿਆ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਹੱਥੋਂ ਵੱਡੀ ਹਾਰ ਮਿਲੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਲੁਧਿਆਣਾ ਤੋਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਵੀ ਹਾਰ ਗਏ। ਮਾਝੇ ਦੇ ਕਾਂਗਰਸੀ ਆਗੂ ਓਮ ਪ੍ਰਕਾਸ਼ ਸੋਨੀ ਤੇ ਸੁਖਬਿੰਦਰ ਸਿੰਘ ਸਰਕਾਰੀਆ, ਜੋ ਲਗਾਤਾਰ ਜਿੱਤ ਹਾਸਲ ਕਰਦੇ ਆ ਰਹੇ ਸਨ, ਐਤਕੀਂ ਆਪਣੀ ਸੀਟ ਨਹੀਂ ਬਚਾ ਸਕੇ। ਰੋਚਕ ਤੱਥ ਇਹ ਵੀ ਹੈ ਕਿ ਬਾਦਲਾਂ, ਕੈਪਟਨ, ਸਿੱਧੂ ਅਤੇ ਮਜੀਠੀਆ ਨੂੰ ਪਹਿਲੀ ਵਾਰੀ 'ਆਪ' ਦੀ ਟਿਕਟ 'ਤੇ ਚੋਣ ਲੜ ਰਹੇ ਉਮੀਦਵਾਰਾਂ ਨੇ ਹਰਾ ਕੇ ਇਤਿਹਾਸ ਸਿਰਜਿਆ ਹੈ। ਪੰਜਾਬ ਵਿਧਾਨ ਸਭਾ ਵਿੱਚ ਪਹੁੰਚੇ ਜ਼ਿਆਦਾਤਰ ਚਿਹਰੇ ਨਵੇਂ ਹਨ। ਅਕਾਲੀ ਦਲ ਦੀ ਗਨੀਵ ਮਜੀਠੀਆ ਇੱਕ ਅਜਿਹੀ ਵਿਧਾਇਕ ਹੈ, ਜੋ ਮਜੀਠਾ ਪਰਿਵਾਰ ਵਿੱਚੋਂ ਪਹਿਲੀ ਮਹਿਲਾ ਹੈ, ਜੋ ਰਾਜਨੀਤੀ ਵਿੱਚ ਆਈ ਹੈ। ਪਰਿਵਾਰਵਾਦ 'ਚੋਂ ਉਠੇ ਵਿਧਾਇਕਾਂ ਦੀ ਗਿਣਤੀ ਵਿੱਚ ਇਸ ਵਾਰੀ ਗਿਰਾਵਟ ਆਈ ਹੈ। ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਅਤੇ ਆਜ਼ਾਦ ਜਿੱਤੇ ਉਨ੍ਹਾਂ ਦੇ ਪੁੱਤਰ ਰਾਣਾ ਇੰਦਰਪ੍ਰਤਾਪ ਸਿੰਘ ਜ਼ਰੂਰ ਇੱਕੋ ਪਰਿਵਾਰ ਵਿੱਚੋਂ ਦੋ ਵਿਧਾਇਕ ਮੰਨੇ ਜਾ ਸਕਦੇ ਹਨ।

## ਬਾਦਲ ਨੂੰ ਹਰਾਉਣ ਦੀ ਰੀਝ ਪੂਰੀ ਹੋਈ-ਖੁੱਡੀਆਂ

ਲੰਬੀ- ਪੰਜ ਦਫਾ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਸਿਆਸੀ ਤੌਰ 'ਤੇ ਚਿੱਤ ਕਰਨ ਵਾਲੇ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਜਿੱਤ ਮਗਰੋਂ ਕਿਹਾ ਕਿ ਅੱਜ ਉਨ੍ਹਾਂ ਦੀ ਚਿਰਾਂ ਪੁਰਾਣੀ ਰੀਝ ਪੂਰੀ ਹੋ ਗਈ ਹੈ। ਉਨ੍ਹਾਂ ਦੀ ਦਿਲੀ ਖ਼ਾਹਿਸ਼ ਸੀ ਕਿ ਉਹ ਇੱਕ ਦਫਾ ਜ਼ਰੂਰ ਬਾਦਲ ਪਰਿਵਾਰ ਖ਼ਿਲਾਫ਼ ਮੈਦਾਨ ਵਿੱਚ ਉਤਰਨਗੇ। ਉਨ੍ਹਾਂ ਕਿਹਾ ਕਿ ਅੱਜ ਹਲਕਾ ਲੰਬੀ ਦੇ ਲੋਕਾਂ ਨੇ ਸਾਥ ਦੇ ਕੇ ਇਸ ਰੀਝ ਨੂੰ ਪੂਰਾ ਕਰ ਦਿੱਤਾ ਹੈ। ਹੁਣ ਉਹ ਹਲਕਾ ਲੰਬੀ ਨੂੰ ਬਾਦਲ ਪਰਿਵਾਰ ਦੇ ਖੌਫ ਤੋਂ ਮੁਕਤ ਕਰਨਗੇ।



## ਪੰਜਾਬ ਦੇ ਲੋਕਾਂ ਨੇ ਸੰਯੁਕਤ ਸਮਾਜ ਮੋਰਚੇ ਨੂੰ ਨਾਕਾਰਿਆ

ਚੰਡੀਗੜ੍ਹ-ਪੰਜਾਬ ਦੇ ਲੋਕਾਂ ਨੇ ਵਿਧਾਨ ਸਭਾ ਚੋਣਾਂ ਵਿੱਚ ਸੰਯੁਕਤ ਸਮਾਜ ਮੋਰਚਾ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਸੰਯੁਕਤ ਸਮਾਜ ਮੋਰਚੇ ਦੇ ਕਰਤਾ-ਧਰਤਾ ਬਲਵੀਰ ਸਿੰਘ ਰਾਜੇਵਾਲ ਹਲਕਾ ਸਮਰਾਲਾ ਤੋਂ ਆਪਣੀ ਜ਼ਮਾਨਤ ਰਾਸ਼ੀ ਵੀ ਨਹੀਂ ਬਚਾਅ ਸਕੇ। ਸਮਰਾਲਾ ਹਲਕੇ ਤੋਂ 14 ਉਮੀਦਵਾਰ ਚੋਣ ਪਿੜ ਵਿੱਚ ਸਨ, ਜਿਨ੍ਹਾਂ 'ਚੋਂ ਰਾਜੇਵਾਲ ਛੇਵੇਂ ਨੰਬਰ 'ਤੇ ਆਏ ਹਨ ਅਤੇ ਉਨ੍ਹਾਂ ਨੂੰ ਸਿਰਫ 4676 ਵੋਟਾਂ ਹੀ ਪ੍ਰਾਪਤ ਹੋਈਆਂ ਹਨ, ਜੋ ਕਿ 3.5 ਫ਼ੀਸਦੀ ਬਣਦੀਆਂ ਹਨ। ਉਨ੍ਹਾਂ ਤੋਂ ਵੱਧ ਵੋਟ ਤਾਂ ਆਜ਼ਾਦ ਉਮੀਦਵਾਰ ਅਮਰੀਕ ਸਿੰਘ ਢਿੱਲੋਂ ਹਾਸਲ ਕਰ ਗਏ ਹਨ। ਸੰਯੁਕਤ ਸਮਾਜ ਮੋਰਚੇ ਦੇ 93 ਉਮੀਦਵਾਰ ਚੋਣ ਮੈਦਾਨ ਵਿੱਚ ਸਨ ਅਤੇ 10 ਉਮੀਦਵਾਰ ਗੁਰਨਾਮ ਸਿੰਘ ਚੜੂਨੀ ਵੱਲੋਂ ਉਤਾਰੇ ਗਏ ਸਨ। ਇਨ੍ਹਾਂ 103 ਉਮੀਦਵਾਰਾਂ 'ਚੋਂ ਸਿਰਫ ਹਲਕਾ ਮੌੜ ਤੋਂ ਸੰਯੁਕਤ ਸਮਾਜ ਮੋਰਚਾ ਦਾ ਉਮੀਦਵਾਰ ਲੱਖਾ ਸਿਧਾਣਾ ਹੀ ਦੂਜੇ ਨੰਬਰ 'ਤੇ ਰਿਹਾ ਹੈ। ਹਲਕਾ ਮੌੜ ਤੋਂ 'ਆਪ' ਉਮੀਦਵਾਰ ਸੁਖਬੀਰ ਸਿੰਘ ਮਾਈਸਰਖਾਨਾ ਨੇ 63,079 ਵੋਟਾਂ ਨਾਲ ਜੇਤੂ ਰਹੇ, ਜਦੋਂਕਿ ਇੱਥੋਂ ਦੂਜੇ ਨੰਬਰ 'ਤੇ ਲੱਖਾ ਸਿਧਾਣਾ ਰਹੇ ਹਨ, ਜਿਨ੍ਹਾਂ ਨੂੰ 28,091 ਵੋਟਾਂ ਮਿਲੀਆਂ ਹਨ।










# ਪੰਜਾਬ ਵਿਚ ਆਇਆ ਇਨਕਲਾਬ ਦੇਸ਼ ਨੂੰ ਨਵਾਂ ਰਸਤਾ ਵਿਖਾਏਗਾ-ਕੇਜਰੀਵਾਲ

ਨਵੀਂ ਦਿੱਲੀ (ਦਿਓਲ)-ਪੰਜਾਬ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ 'ਇਨਕਲਾਬ' ਪਹਿਲਾਂ ਦਿੱਲੀ 'ਚ ਹੋਇਆ ਸੀ ਤੇ ਹੁਣ ਪੰਜਾਬ 'ਚ ਹੋਇਆ ਤੇ ਇਸ ਨੂੰ ਸਾਰੇ ਦੇਸ਼ 'ਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਵੱਡੀ ਹਮਾਇਤ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਕੇਜਰੀਵਾਲ ਕੋਈ ਅਤਿਵਾਦੀ ਨਹੀਂ ਹੈ। ਉਹ ਪਾਰਟੀ ਦੇ ਸਾਬਕਾ ਆਗੂ ਕੁਮਾਰ ਵਿਸ਼ਵਾਸ ਵੱਲੋਂ ਪਿੱਛੇ ਜਿਹੇ ਲਾਏ ਗਏ ਦੋਸ਼ਾਂ ਕਿ ਕੇਜਰੀਵਾਲ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਵੱਖਵਾਦੀਆਂ ਦੀ ਹਮਾਇਤ ਲੈਣ ਨੂੰ ਤਿਆਰ ਹਨ, ਦਾ ਜਵਾਬ ਦੇ ਰਹੇ ਸਨ। ਇੱਥੇ ਪਾਰਟੀ ਹੈੱਡਕੁਆਰਟਰ 'ਤੇ ਪਾਰਟੀ ਵਰਕਰਾਂ ਤੇ ਆਗੂਆਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਵਿਰੋਧੀ ਧਿਰਾਂ ਵੱਲੋਂ ਚੋਣਾਂ ਜਿੱਤਣ ਲਈ ਰਚੀਆਂ ਗਈਆਂ ਸਾਜ਼ਿਸ਼ਾਂ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ 'ਆਪ' ਨੂੰ ਵੱਡੀ ਗਿਣਤੀ 'ਚ ਵੋਟ ਪਾਈ ਹੈ। ਉਨ੍ਹਾਂ ਕਿਹਾ, 'ਉਹ ਸਾਰੇ ਇਕੱਠੇ ਹੋ ਗਏ ਤੇ ਕਹਿਣ ਲੱਗੇ ਕਿ ਕੇਜਰੀਵਾਲ ਇੱਕ ਅਤਿਵਾਦੀ ਹੈ। ਅੱਜ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਕੇਜਰੀਵਾਲ ਕੋਈ ਅਤਿਵਾਦੀ ਨਹੀਂ ਹੈ ਬਲਕਿ ਭਾਰਤ ਦਾ ਸੱਚਾ ਪੁੱਤਰ ਹੈ ਤੇ ਦੇਸ਼ ਭਗਤ ਹੈ। ਲੋਕਾਂ ਨੇ ਵਿਰੋਧੀਆਂ ਨੂੰ ਆਪਣਾ ਫ਼ੈਸਲਾ ਸੁਣਾ ਦਿੱਤਾ ਕਿ ਕੇਜਰੀਵਾਲ ਅਤਿਵਾਦੀ ਨਹੀਂ ਬਲਕਿ ਤੁਸੀਂ ਸਾਰੇ ਅਤਿਵਾਦੀ ਹੋ ਜੋ ਦੇਸ਼ ਨੂੰ ਬਰਬਾਦ ਕਰ ਰਹੇ ਹੋ।' ਉਨ੍ਹਾਂ ਪੰਜਾਬ 'ਚ 'ਆਪ' ਦੀ ਵੱਡੀ ਜਿੱਤ ਲਈ ਸੂਬੇ ਦੇ ਲੋਕਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਉਨ੍ਹਾਂ ਵੱਡੇ ਵੱਡੇ ਸਿਆਸੀ ਭਲਵਾਨਾਂ ਨੂੰ ਧੂੜ ਚਟਾ ਦਿੱਤੀ ਹੈ। ਉਨ੍ਹਾਂ ਕਿਹਾ, 'ਪੰਜਾਬ ਚੋਣਾਂ ਦੇ ਇਹ ਨਤੀਜੇ ਅੱਜ ਵੱਡਾ 'ਇਨਕਲਾਬ' ਬਣ ਕੇ ਆਏ ਹਨ ਤੇ ਇਸ ਨੇ ਪੰਜਾਬ 'ਚ ਕਈ ਵੱਡੀਆਂ ਕੁਰਸੀਆਂ ਹਿਲਾ ਦਿੱਤੀਆਂ ਹਨ। ਪਹਿਲਾ ਇਨਕਲਾਬ ਦਿੱਲੀ 'ਚ ਹੋਇਆ, ਫਿਰ ਪੰਜਾਬ 'ਚ ਅਤੇ ਇਹ ਹੁਣ ਸਾਰੇ ਮੁਲਕ 'ਚ ਲਿਆਂਦਾ ਜਾਵੇਗਾ।' ਉਨ੍ਹਾਂ ਦੇਸ਼ ਦੇ ਲੋਕਾਂ ਨੂੰ 'ਆਪ' ਨਾਲ ਜੁੜਨ ਦਾ ਸੱਦਾ ਦਿੱਤਾ।



# ਪੰਜਾਬ ਦੇ ਰਾਜਸੀ ਇਤਿਹਾਸ ਵਿਚ ਪਹਿਲੀ ਵਾਰ ਅਕਾਲੀ ਦਲ ਨੂੰ ਨਮੋਸ਼ੀਜਨਕ ਹਾਰ

## ਕੇਵਰ ਤਿੰਨ ਸੀਟਾਂ ਤੱਕ ਸੁੰਗੜਿਆ ਅਕਾਲੀ ਦਲ-ਸਾਰੇ ਵੱਡੇ ਆਗੂ ਹਾਰੇ

ਪੰਜਾਬ ਦੇ ਰਾਜਨੀਤਕ ਇਤਿਹਾਸ ਵਿੱਚ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸੂਬੇ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਮਹਿਜ਼ ਤਿੰਨ ਸੀਟਾਂ ਹੀ ਹਾਸਲ ਹੋਈਆਂ ਹਨ। ਪਾਰਟੀ ਦੀ ਇਸ ਮਾੜੀ ਕਾਰਗੁਜ਼ਾਰੀ ਕਾਰਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਪੰਜਾਬ ਦੀ ਸੱਤਾ 'ਤੇ ਸਭ ਤੋਂ ਵੱਧ ਸਮਾਂ ਅਕਾਲੀ ਦਲ ਨੂੰ ਹਕੂਮਤ ਕਰਨ ਦਾ ਮੌਕਾ ਮਿਲਿਆ ਹੈ। ਪ੍ਰਕਾਸ਼ ਸਿੰਘ ਬਾਦਲ ਤਾਂ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ ਹਨ। ਇਸੇ ਤਰ੍ਹਾਂ ਸੁਰਜੀਤ ਸਿੰਘ ਬਰਨਾਲਾ, ਜਸਟਿਸ ਗੁਰਨਾਮ ਸਿੰਘ ਅਤੇ ਲਛਮਣ ਸਿੰਘ ਗਿੱਲ ਨੇ ਵੀ ਅਕਾਲੀ ਦਲ ਦੀਆਂ ਸਰਕਾਰਾਂ ਦੀ ਅਗਵਾਈ ਕੀਤੀ ਹੈ। ਸੂਬੇ ਦੀ ਸਿਆਸਤ 'ਤੇ ਤਾਜ਼ਾ ਝਾਤ ਮਾਰੀ ਜਾਵੇ ਤਾਂ ਅਤਿਵਾਦ ਦਾ ਦੌਰ ਖ਼ਤਮ ਹੋਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਨੇ ਤਿੰਨ ਵਾਰ: 1997, 2007 ਤੇ 2012 ਵਿੱਚ ਭਾਜਪਾ ਨਾਲ ਗੱਠਜੋੜ ਤਹਿਤ ਸਰਕਾਰ ਬਣਾਈ। 2007 ਵਿੱਚ ਅਕਾਲੀ ਦਲ ਦੀ ਵਾਗਡੋਰ ਨਵੀਂ ਪੀੜ੍ਹੀ ਭਾਵ ਸੁਖਬੀਰ ਸਿੰਘ ਬਾਦਲ ਦੇ ਹੱਥ ਆਈ। ਛੋਟੇ ਬਾਦਲ ਦੀ ਕਮਾਨ ਹੇਠ 2012 ਦੀਆਂ ਚੋਣਾਂ ਤਾਂ ਪਾਰਟੀ ਨੇ ਜਿੱਤ ਲਈਆਂ, ਪਰ ਉਸ ਤੋਂ ਬਾਅਦ ਖੜ੍ਹੇ ਹੋਏ ਵਿਵਾਦਾਂ ਨੇ ਪਾਰਟੀ ਨੂੰ ਅਜਿਹਾ ਗ੍ਰਸਿਆ ਕਿ 2017 ਦੀਆਂ ਚੋਣਾਂ ਵਿੱਚ ਵੀ ਪਾਰਟੀ ਨੂੰ ਸਿਰਫ਼ 15 ਸੀਟਾਂ ਹਾਸਲ ਹੋਈਆਂ ਤੇ ਵਿਰੋਧੀ ਧਿਰ ਦਾ ਰੁਤਬਾ ਵੀ ਨਹੀਂ ਸੀ ਮਿਲਿਆ। ਸੂਬੇ ਦੀ 16 ਵੀਂ ਵਿਧਾਨ ਸਭਾ ਦੇ ਨਤੀਜਿਆਂ ਨੇ ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕਾ ਦਿੱਤੀ ਹੈ। ਇਸ ਨੇ ਸਿਆਸੀ ਸਮੀਖਿਆਕਾਰਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ। ਮਾਲਵਾ ਖਿੱਤੇ ਨੂੰ ਪਾਰਟੀ ਦਾ ਵੱਡਾ ਆਧਾਰ ਮੰਨਿਆ ਜਾਂਦਾ ਸੀ, ਪਰ ਉਥੇ ਪਾਰਟੀ ਨੂੰ 69 'ਚੋਂ ਸਿਰਫ਼ ਇੱਕੋ ਹੀ ਸੀਟ ਹਾਸਲ ਹੋਈ ਹੈ। ਇਸੇ ਤਰ੍ਹਾਂ ਦੁਆਬਾ ਅਤੇ ਮਾਝਾ ਖੇਤਰ ਵਿੱਚੋਂ ਵੀ ਇੱਕੋ-ਇੱਕ ਸੀਟ ਮਿਲੀ ਹੈ। ਬਾਦਲ ਪਰਿਵਾਰ ਦਾ ਇੱਕ ਵੀ ਜੀਅ ਜਿੱਤ ਹਾਸਲ ਨਹੀਂ ਕਰ ਸਕਿਆ।

### ਭਾਜਪਾ ਦੀ ਕੋਈ ਵੀ ਰਣਨੀਤੀ ਨਾ ਹੋਈ ਕਾਮਯਾਬ

ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ 70 ਤੋਂ ਵੱਧ ਉਮੀਦਵਾਰ ਖੜ੍ਹਾਏ ਸਨ, ਪਰ ਪਾਰਟੀ ਨੂੰ ਸਿਰਫ਼ ਦੋ ਸੀਟਾਂ 'ਤੇ ਜਿੱਤ ਹਾਸਲ ਹੋ ਸਕੀ ਹੈ। ਪੰਜ ਸਾਲ ਪਹਿਲਾਂ ਅਕਾਲੀ ਦਲ ਨਾਲ ਭਾਈਵਾਲੀ ਦੌਰਾਨ ਭਾਜਪਾ ਨੇ ਤਿੰਨ ਸੀਟਾਂ ਜਿੱਤੀਆਂ ਸਨ। ਭਾਜਪਾ ਨੇ ਸੂਬੇ ਵਿੱਚ ਪੈਰ ਲਾਉਣ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਦਲ ਨਾਲ ਵੀ ਸਾਂਝ ਪਾਈ। ਮੋਦੀ ਸਰਕਾਰ ਦੇ ਚਾਰ ਮੰਤਰੀ ਪੰਜਾਬ ਵਿੱਚ ਤਾਇਨਾਤ ਕੀਤੇ। ਪ੍ਰਧਾਨ ਮੰਤਰੀ ਨੇ ਖ਼ੁਦ ਪਠਾਨਕੋਟ, ਜਲੰਧਰ ਤੇ ਅਬੋਹਰ ਵਿੱਚ ਵੱਡੀਆਂ ਰੈਲੀਆਂ ਕੀਤੀਆਂ। ਇਸੇ ਤਰ੍ਹਾਂ ਕੇਂਦਰੀ ਮੰਤਰੀ ਅਮਿਤ ਸ਼ਾਹ, ਪਾਰਟੀ ਪ੍ਰਧਾਨ ਜੇਪੀ ਨੱਡਾ, ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਵੀ ਰੈਲੀਆਂ ਕਰਕੇ ਚੋਣ ਮੈਦਾਨ ਭਖ਼ਾਉਣ ਦੇ ਯਤਨ ਕੀਤੇ ਪਰ ਚੋਣ ਨਤੀਜੇ ਭਾਜਪਾ ਦੀਆਂ ਇੱਛਾਵਾਂ ਦੇ ਉਲਟ ਨਿੱਕਲੇ।

# ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਜ਼ਮਾਨਤ ਜ਼ਬਤ

ਸਮਰਾਲਾ-ਹਲਕਾ ਸਮਰਾਲਾ ਤੋਂ ਚੋਣ ਮੈਦਾਨ ਵਿੱਚ ਨਿੱਤਰੇ ਕਿਸਾਨ ਆਗੂ ਤੇ ਸੰਯੁਕਤ ਸਮਾਜ ਮੋਰਚਾ ਦੇ ਮੁੱਖ ਮੰਤਰੀ ਉਮੀਦਵਾਰ ਬਲਬੀਰ ਸਿੰਘ ਰਾਜੇਵਾਲ ਆਪਣੀ ਜ਼ਮਾਨਤ ਬਚਾਉਣ ਵਿੱਚ ਵੀ ਨਾਕਾਮ ਰਹੇ ਹਨ। ਰਾਜੇਵਾਲ ਨੂੰ ਕੁੱਲ 4626 ਵੋਟਾਂ ਪਈਆਂ। ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਤਾਰ ਸਿੰਘ ਦਿਆਲਪੁਰਾ ਨੇ ਇਥੋਂ 30,589 ਵੋਟਾਂ ਦੀ ਲੀਡ ਨਾਲ ਇਤਿਹਾਸਕ ਜਿੱਤ ਦਰਜ ਕੀਤੀ ਹੈ। ਹਲਕਾ ਸਮਰਾਲਾ ਵਿਚ ਕੁੱਲ 1,32,736 ਵੋਟਾਂ ਪਈਆਂ ਜਿਸ ਵਿਚੋਂ 'ਆਪ' ਉਮੀਦਵਾਰ ਜਗਤਾਰ ਦਿਆਲਪੁਰਾ ਨੂੰ 57,126, ਅਕਾਲੀ ਦਲ ਦੇ ਉਮੀਦਵਾਰ ਪਰਮਜੀਤ ਸਿੰਘ ਢਿੱਲੋਂ ਨੂੰ 26,537 ਅਤੇ ਕਾਂਗਰਸੀ ਉਮੀਦਵਾਰ ਰੁਪਿੰਦਰ ਸਿੰਘ ਰਾਜਾ ਗਿੱਲ ਨੂੰ 23,276 ਵੋਟਾਂ ਪਈਆਂ। ਰਾਜੇਵਾਲ ਨੂੰ ਮਿਲੀ ਕਰਾਰੀ ਹਾਰ ਨਾਲ ਉਨ੍ਹਾਂ ਦੇ ਸਮਰਥਕ ਮਾਯੂਸ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਿੰਦਰ ਸਿੰਘ ਸੇਖੋਂ ਨੂੰ 8,310 ਵੋਟਾਂ ਮਿਲੀਆਂ ਅਤੇ ਕਾਂਗਰਸੀ ਵਿਧਾਇਕ ਰਹੇ ਅਮਰੀਕ ਸਿੰਘ ਢਿੱਲੋਂ, ਜਿਨ੍ਹਾਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ, ਨੂੰ 7,655 ਵੋਟਾਂ ਮਿਲੀਆਂ। ਭਾਜਪਾ ਗੱਠਜੋੜ ਦੇ ਉਮੀਦਵਾਰ ਰਣਜੀਤ ਸਿੰਘ ਜੀਤਾ ਗਹਿਲੇਵਾਲ ਨੂੰ 2,312 ਵੋਟਾਂ ਤੇ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਡਾ. ਸੋਹਣ ਲਾਲ ਬਲੱਗਣ ਨੂੰ 306 ਵੋਟਾਂ ਪਈਆਂ। ਹਲਕਾ ਸਮਰਾਲਾ 'ਚ ਵਿਧਾਨ ਸਭਾ ਚੋਣਾਂ ਦੌਰਾਨ 937 ਵੋਟਰਾਂ ਨੇ 'ਨੋਟਾ' ਦਾ ਬਟਨ ਦਬਾ ਕੇ ਸਾਰੇ ਉਮੀਦਵਾਰਾਂ ਨੂੰ ਨਕਾਰਿਆ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426





# ਦੀਪ ਸਿੱਧੂ ਦੀ ਵਿਚਾਰਧਾਰਾ ਦਾ ਪ੍ਰਭਾਵ



ਦਲਵਿੰਦਰ ਸਿੰਘ ਘੁੰਮਣ

ਦੁਨਿਆਂ ਵਿੱਚ ਧਰੂ ਤਾਰੇ ਵਾਂਗ ਚਮਕਣ ਦੀ ਗਤੀ ਕਿਸੇ ਵਿਰਲੇ ਵਿਰਲੇ ਬੰਦਿਆਂ ਦੇ ਹਿਸੇ ਆਈ ਹੈ। ਜੇ ਉਸ ਗਤੀ ਨੇ ਆਪਣੀ ਰਫਤਾਰ ਨੂੰ ਢੁੱਕਵੇ ਰੁੱਖ ਵਿੱਚ ਰੱਖ ਕੇ ਬਿਨਾਂ ਨੁੱਕਸਾਨ ਤੇ ਮੰਜ਼ਿਲ ਨੂੰ ਸਪਰਸ਼ੀ ਛੋਹਿਆ ਹੋਵੇ ਤਾਂ ਦੁਨਿਆਂ ਚੰਗੇ ਲਈ ਗੱਲਾਂ ਕਰਦੀ ਹੈ। ਜੱਗ ਬਾਤਾਂ ਪਾਉਣ ਦੇ ਕਾਬਲ ਹੋ ਜਾਦਾ ਹੈ। ਪੰਜਾਬ ਅਤੇ ਸਿੱਖ ਸਿਆਸਤ ਵਿੱਚ ਗੁਰੂ ਗੋਬਿੰਦ ਸਿੰਘ ਦੀ ਸਿਧਾਂਤਿਕ ਲੜਾਈ ਦਾ ਪਿਛਾ ਕਰਦਿਆਂ ਪਿਛਲੇ 75 ਸਾਲਾਂ ਦੀ ਭਾਰਤ ਦੀ ਅਜ਼ਾਦੀ ਤੋ ਬਾਅਦ ਦੋ ਅਜਿਹੀਆਂ ਸ਼ਖਸ਼ੀਅਤਾਂ ਆਈਆਂ। ਜਿੰਨਾਂ ਸਮੇ ਦੀ ਐਸੀ ਬਾਂਹ ਮਰੋੜੀ ਕਿ ਸਮੇ ਨੂੰ ਥਾਂ ਸਿਰ ਕਰਦੇ ਹੋਏ ਆਪਣੀ ਆਹੁਤੀ ਦੇ ਗਏ। ਜਿੰਨਾਂ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਦੀਪ ਸਿੱਧੂ ਦੀ ਘੱਟ ਸਮੇ ਵਿੱਚ ਦਾਰਸ਼ਨਿੱਕ ਸੋਚ ਨੇ ਸਰਕਾਰਾਂ ਦੀਆਂ ਪੰਜਾਬ ਪਰਤੀ ਮਾੜੀਆ ਨੀਤੀਆਂ ਨੂੰ ਵਾਅ ਵਰੋਲੇ ਵਾਂਗ ਉਡਣੇ ਲਾ ਦਿਤਾ। ਸਰਕਾਰਾਂ ਆਪਣੇ ਛੜ-ਯੰਤਰਾ ਨਾਲ ਕਾਮਯਾਬੀ ਵੱਲ ਨਾ ਵਧ ਸਕੀਆਂ ਪਰ ਹੱਲ ਕੱਢਣ ਦੀ ਬਜਾਏ ਉਸ ਸੋਚ ਨੂੰ ਮਾਰਨ ਤੁਰ ਪਈਆਂ। ਪਰ ਸਿਧਾਂਤਿਕ ਲਹਿਰਾਂ ਦੇ ਵਗਦੇ ਦਰਿਆਵਾਂ ਨੂੰ ਠੱਲ ਪਾਉਣਾ ਅਸਾਨ ਨਹੀ ਹੁੰਦਾ। ਇਹ ਸ਼ਖਸ਼ੀਅਤਾਂ ਸਾਡੇ ਵਿੱਚ ਨਹੀ ਹਨ ਪਰ ਸੋਚ ਕਦੇ ਨਹੀ ਮਰੇਗੀ ਸਗੋ ਅਮਰ ਹੋ ਗਈ ਹੈ। ਬੇਵਕਤੀ, ਅਚਾਨਕ ਦੀਪ ਸਿੱਧੂ ਦੀ ਮੌਤ ਨਾਲ ਬਹੁਤ ਵੱਡਾ ਘਾਟਾ ਪਿਆ ਹੈ। ਮੌਤ ਦੇ ਕੋਈ ਵੀ ਕਾਰਨ ਹੋਣ ਪਰ ਸ਼ੱਕ ਦਾ ਪੈਦਾ ਹੋਣਾ ਸੁਭਾਵਿਕ ਹੈ। ਡੂੰਘੀ ਸਾਜ਼ਿਸ ਦਾ ਸ਼ਿਕਾਰ ਬਣਾਇਆ ਗਿਆ ਹੈ। ਸਮਾਂ ਦੱਸੇਗਾ। ਪਰ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਹਿੱਤ ਚੱਲੀ ਗੱਲ ਦਾ ਵੱਡਾ ਗੱਲਕਾਰ ਦਾ ਚੜਦੀ ਉਮਰੇ ਇਸ ਤਰਾ ਚਲੇ ਜਾਣਾ ਬਹੁਤ ਦੁੱਖਦਾਈ ਹੈ। ਦੀਪ ਸਿੱਧੂ ਦੇ ਅੰਤਿਮ ਸੰਸਕਾਰ ਤੇ ਉਮੜੀ ਸਿੱਖ ਨੌਜਵਾਨੀ ਨੇ ਇਹ ਆਭਾਸ ਦਿੱਤਾ ਕਿ ਇਹ ਮਹਿਜ ਇਕ ਮਾਮੂਲੀ ਘਟਨਾ ਜਾਂ ਪੀੜਵਾਰਕ ਸਮਾਗਮ ਤੱਕ ਸੀਮਤ ਨਾ ਰਹਿ ਜਾਵੇ ਇਸ ਲਈ ਉਸ ਦੀ ਹੋਈ ਕੁਰਬਾਨੀ ਦੇ ਮੁਲਾਂਕਣ ਨੂੰ ਵਿਸ਼ਾਲਤਾ ਦਾ ਘੇਰਾ ਮੱਲਣ ਲਈ ਇਕ ਵੱਡੀ ਲਹਿਰ ਪੈਦਾ ਕਰਨੀ ਜਰੂਰੀ ਹੈ। ਜੋ ਇਸ ਗੱਲ ਦੀ ਵਜਹਾ ਬਣੀ ਕਿ ਉਸ ਦੀ ਅਮਰ ਅਰਦਾਸ ਲਈ ਸ਼ੀਰ ਫਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੇ ਲੱਖਾਂ ਦੇ ਇਕੱਠ ਵਿੱਚ ਕੌਮ ਨੇ ਉਸ ਨੂੰ ਕੌਮੀ ਯੋਧੇ ਦੇ ਖਿਤਾਬ ਨਾਲ ਨਿਵਾਜਿਆ। ਇਹ ਅਚੇਤ ਅਵਸਥਾ ਵਿੱਚੋ ਵਾਪਰੀ ਘਟਨਾ ਨੇ ਪੰਜਾਬ ਖਾਸ ਕਰ ਸਿੱਖ ਜ਼ਜਬਾਤਾਂ ਨੂੰ ਧੁਰ ਅੰਦਰ ਤੱਕ ਝਿੰਜੋੜ ਦਿੱਤਾ। ਦੀਪ ਸਿੱਧੂ ਦੀ ਵੱਧਦੀ ਲੋਕ ਲੀਡਰ ਦੀ ਹਰਮਨ ਪਿਆਰਤਾ ਦੇ ਟੁੱਟਣ ਨਾਲ ਪੰਜਾਬ ਜ਼ਾਰ ਜ਼ਾਰ ਰੋਇਆ। " ਮੇਰੇ ਨਾਲ ਸੀ, ਮੇਰੇ ਨਾਲ ਗੱਲ ਕਰਦਾ ਸੀ, ਮੈਨੂੰ ਮਿਲਣਾ ਸੀ, ਮੇਰੀ ਮਿਲਣ ਦੀ ਖਾਹਿਸ਼ ਸੀ, ਇਹ ਸੱਭ ਖਿਆਲ ਰੂਪੀ ਅਕਿਹ ਪੀੜਾ ਦੇ ਰੰਗ ਹਨ। ਉਸ ਨੇ ਜਿਸ ਤਰੀਕੇ ਨਾਲ ਇਕ ਸੂਖਮ ਅਤੇ ਸੱਚੀ ਭਾਵਨਾ ਨਾਲ ਸਿੱਖਾਂ ਨਾਲ ਹੋਈਆਂ ਘੋਰ ਬੇਇਨਸਾਫੀਆਂ ਨੂੰ ਲੋਕਾਂ ਦੇ ਸਮਝ ਆਉਣ ਵਾਲੀ ਸਰਲ ਭਾਸ਼ਾ ਦੀ ਵਿਉਤਬੰਦੀ ਚੁਣੀ। ਉਸ ਦੀ ਗੱਲ ਦੇ ਤਰਕ ਬਹੁਤ ਖਾਸ ਅਵੱਸਥਾ ਨੂੰ ਦਲੀਲ ਨਾਲ ਸਮਝਾਉਣ ਲਈ ਅਹਿਮ ਸਨ। ਉਸ ਦੇ ਸਾਕਾਰਆਤਮਿੱਕ ਜੁਆਬ ਕਿਸੇ ਵੀ ਸਵਾਲ ਨੂੰ ਸਧਾਰਨ ਹੀ ਢਿੱਠ ਕਰ ਦਿੰਦੇ। ਸਵਾਲ ਆਪਣੇ ਆਪ ਵਿੱਚ ਬੌਣੇਪਣ ਦਾ ਸਿਕਾਰ ਲੱਗਦਾ। ਪੜਾਈ ਇਨਸਾਨ ਨੂੰ ਜਿਉਣ ਪੱਧਰ ਦਿੰਦੀ ਹੈ ਉਸ ਵਿੱਚ ਰੰਗ ਕਲਾ, ਵਿਚਾਰ, ਸਿਧਾਂਤ ਸੋਚ ਵਿਆਕਤੀਗਤ ਹੁੰਦੀ ਹੈ। ਜੋ ਰੰਗ ਭਰਦਾ ਹੈ ਉਹ ਉਸ ਦੇ ਵਿਚਾਰਾਂ ਦੀ ਖੁਬਸੂਰਤੀ ਦੀ ਤਸਵੀਰ ਬਣ ਜਾਦੀ ਹੈ। ਦੀਪ ਦੇ ਕਿਸੇ ਆਕਾਸ਼ ਨੂੰ ਛੂਹ ਲੈ ਜਾਣ ਵਾਲੀ ਬਿਰਤੀ ਨੇ ਅਮਰ ਹੋਣ ਦੇ ਰਾਹ ਦੀ ਪੈੜ ਨੱਪਣੀ ਸੁਰੂ ਕਰ ਦਿੱਤੀ ਸੀ। ਗੁਰੂਬਾਣੀ ਦੇ ਨਿੱਤ-ਨੇਮ ਨੇ ਨਿਰਭਉ ਕਰ ਦਿੱਤਾ ਸੀ ਪਰ ਉਹ ਨਿਰਵੈਰ ਨਹੀ ਹੋ ਸਕਿਆਂ ਕਿਉਕਿ ਉਸ ਨੇ ਆਪਣੇ ਵੈਰ ਦੀ ਨਹੀ ਸਗੋ ਕੌਮ ਦੇ ਵੈਰੀਆ ਦੀ ਸ਼ਨਾਖਤ ਕਰਨੀ ਜਰੂਰ ਸ਼ੁਰੂ ਕਰ ਦਿੱਤੀ ਸੀ। ਉਹ ਉਂਗਲ ਲਾ ਲਾ ਕੇ ਪੰਜਾਬ ਵਿਰੋਧੀਆਂ, ਦੋਖੀਆਂ ਨੂੰ ਵੰਗਾਰਨ ਲੱਗ ਪਿਆ ਸੀ। ਜਿਸ ਤਾਰੀਕੇ ਨਾਲ ਫਰਵਰੀ 2022 ਦੀਆਂ ਇਲੈਕਸ਼ਨਾਂ ਵਿੱਚ ਉਹ ਖੁੱਲ ਕੇ ਸ। ਸਿਮਰਨਜੀਤ ਸਿੰਘ ਮਾਨ ਨਾਲ ਪੰਜਾਬ ਅਤੇ ਅਜ਼ਾਦ ਰਾਜ ਦੀ ਗੱਲ ਲਈ ਚਟਾਨ ਵਾਂਗ ਖੜਾ ਹੋ ਗਿਆ। ਸ। ਮਾਨ ਦੇ ਪੰਜਾਬ ਪਰਤੀ ਸਟੈਂਡ ਦੀ ਪੌੜਤਾ ਕਰਦਾ ਨਜ਼ਰ ਆਉਣ ਲੱਗਾ। " ਵਾਰਸ ਪੰਜਾਬ ਦੇ " ਜਥੇਬੰਦੀ ਦੀ ਪਹਿਲੀ ਪਹਿਲ ਕਦਮੀ ਰਾਹੀਂ ਬਾਰ ਬਾਰ ਅਪੀਲਾਂ ਕੀਤੀਆ ਕਿ ਇਹ ਜਿੱਤ ਕਿੰਨੀ ਜਰੂਰੀ ਹੈ ਇਹ ਉਸ ਦੇ ਵਿਕਾਰ ਦਾ ਸਵਾਲ ਬਣ ਗਿਆ। ਅਗਰ ਸ। ਮਾਨ ਜਿੱਤ ਗਿਆ ਤਾਂ ਪੰਜਾਬ ਦੀ ਜਿੱਤ, ਸਿੱਖਾਂ ਦੀ ਜਿੱਤ ਨਾਲ ਜੋੜ ਕੇ ਇਕ ਪੰਜਾਬ ਪੱਖੀ ਵੱਡੀ ਲਹਿਰ ਦਾ ਖੜੇ ਹੋਣਾ ਸੰਭਾਵਨਾਪੂਰਨ ਹੈ। ਇਹੀ ਅੱਜ ਪੰਜਾਬ ਨੂੰ ਆਪਣੇ ਪੈਰੀ ਖੜੇ ਹੋਣ ਲਈ ਇਕ ਸਾਂਝੀ ਤਾਕਤ ਦੀ ਲੋੜ ਹੈ। ਕਿਸਾਨ ਮੋਰਚੇ ਵਿੱਚ



ਉਸ ਦੀ ਹਰ ਗੱਲ ਅਤੇ ਦਲੀਲ ਨੂੰ ਪੁਖਤਾਂ ਰਣਨੀਤੀ ਨਾਲ ਮੰਨਿਆ ਜਾਣ ਲੱਗਾ। ਕਿਸਾਨੀ ਮੋਰਚੇ ਦੀ ਫਤਿਹ ਦੀ ਕਲਾ ਸ਼ਾਇਦ ਨਾ ਵਾਪਰਦੀ ਕਿਉ ਕਰਕੇ ਦੀਪ ਸਿੱਧੂ ਦੀ ਦਾਰਸ਼ਨਿਕ ਸੋਚ ਨੇ ਪੰਜਾਬ ਨੂੰ ਵੰਗਾਰਿਆ। ਮੋਰਚਾ ਲਈ ਪੰਜਾਬ ਦੀਆਂ ਸਰਹੱਦਾ ਮੱਲਣ ਨਾਲੋ ਦਿੱਲੀ ਦੇ ਬਰੂਹਾਂ ਤੇ ਜਾ ਕੇ ਕੇਂਦਰ ਦੇ ਨੱਕ ਵਿੱਚ ਦੱਮ ਨਾ ਕੀਤਾ ਤਾਂ ਲੀਡਰਾਂ ਦੇ ਘਸਿਆਰੇ ਹੱਥ ਕੰਢਿਆਂ ਦੇ ਖੇਡ ਬਣ ਕੇ ਫੇਲ ਹੋ ਜਾਵੇਗਾ। ਦਿਮਾਗੋਂ ਖੁੰਡੀ ਹੋ ਚੁੱਕੀ ਪੰਜਾਬ ਦੀ ਰਾਜਨੀਤੀ ਲਈ ਨਵਾਂ ਮੋੜਾ ਦੇਣਾ ਜਰੂਰੀ ਸੀ। ਸੋਧਾਂ ਨਾਲੋ ਕਾਨੂੰਨਾਂ ਦੀ ਮੁਲੋਂ ਰੱਦ ਕਰਨ ਦੀ ਗੱਲ ਪੰਜਾਬ ਦੀ ਹੋਂਦ ਨਾਲ ਜੋੜਿਆ ਤਾਂ ਮੰਗਾਂ ਵਿੱਚ ਨਿਖਾਰਤਾ ਆ ਗਈ। ਹਰ ਨੀਤੀ ਲਈ ਸੁਰੂਆਤ ਅਤੇ ਨਤੀਜੇ ਸਾਹਮਣੇ ਰੱਖਣ ਲੱਗਾ ਤਾਂ ਕਿਸਾਨ ਆਗੂਆਂ ਦੀ ਕਾਰਜ-ਵਿਧੀ ਚਿੱਥੀ ਪੈਣ ਲੱਗੀ। ਆਪਣੀ ਚੌਧਰ ਦੇ ਪਾਵੇ ਹਿਲਦੇ ਮਹਿਸੂਸ ਹੋਏ ਤਾਂ ਰਾਹ ਵਿੱਚੋ ਰੋੜਾ ਬਨਣ ਤੋ ਰੋਕਣ ਲਈ 26 ਜਨਵਰੀ ਦੇ ਲਾਲ ਕਿਲੇ ਤੇ ਝੰਡੇ ਝੁਲਾਉਣ ਦੀ ਸੁਚੱਜੀ ਕਾਰਵਾਈ ਲਈ ਦੀਪ ਸਿੱਧੂ ਬਦਨਾਮ ਕਰਕੇ ਕਿਸਾਨੀ ਮੋਰਚੇ ਤੋ ਬੇਦਖਲੀ ਕਰ ਦਿੱਤੀ ਗਈ ਸਗੋ ਬੀਜੇਪੀ, ਆਰਐਸਐਸ ਦਾ ਘੁਸਪੈਠੀਆ ਕਹਿ ਕੇ ਨਿੱਦਿਆ ਗਿਆ। ਹਾਸ਼ੀਏ ਉਪਰ ਧੱਕਣ ਲਈ ਪੂਰਾ ਜੋਰ ਲਾਇਆ ਗਿਆ। ਸਿੱਧੂ ਖੁਦ ਨਿਰਾਸ਼ਾ ਜਰੂਰ ਹੋਇਆ ਪਰ ਉਸ ਨੇ ਅਸਮਾਨੀ ਉਡਾਰੀ ਦੀ ਕਲਾਬਾਜ਼ੀ ਸਮਝ ਕੇ ਹੋਰ ਉਚਾ ਉੱਡਣ ਲੱਗਾ। ਉਸ ਵੇਲੇ ਜਾਰੀ ਕੀਤੀਆਂ ਵੀਡੀਉ ਤੋ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਕਿ ਉਸ ਨੇ ਪੰਜਾਬੀਆਂ ਨੂੰ ਪੰਜਾਬ ਦੀ ਆਪਣੀ ਹੋਣੀ ਲਈ ਖੜੇ ਹੋਣ ਲਈ ਤਰਲੇ ਕੀਤੇ।

"ਮੇਰੀ ਮੌਤ ਤੇ ਨਾ ਰੋਇਉ, ਮੇਰੀ ਸੋਚ ਨੂੰ ਬਚਾਇਉ "

ਜਦੋ ਸ। ਸਿਮਰਨਜੀਤ ਸਿੰਘ ਮਾਨ ਨੇ ਆਪਣੀ ਰਿਹਾਇਸ ਤੇ ਦੀਪ ਸਿੱਧੂ ਨੂੰ ਪੱਗ ਬੰਨੀ ਤਾਂ ਉਹ ਬਹੁਤ ਜਲੌਅ ਵਿੱਚ ਆ ਗਿਆ। ਫਿੱਕਾ ਪਿਆ ਚਿਹਰਾ ਗੁੜਾ ਹੁੰਦਾ ਗਿਆ। ਦੁਬਾਰਾ ਅਵਾਜ਼ ਟੱਨਕਣ ਲੱਗੀ। ਗੱਲ ਕਰਨ ਲਈ ਵੱਡਾ ਪਲੇਟਫਾਰਮ ਮਿਲ ਗਿਆ। ਫਿਰ ਦੁਬਾਰਾ ਮੌਤ ਤੀਕਣ ਵਾਪਸ ਉਹ ਨਾ ਬੈਠਾ ਅਤੇ ਨਾ ਹੀ ਸੁੱਤਾ। ਦਿਨ ਰਾਤ ਇਕ ਕਰਕੇ ਪੰਜਾਬ ਦੀ ਮੁਸਕਲਾਂ ਦੀ ਅਸਲੀ ਜੜਰ ਨੂੰ ਪਹਿਚਾਨਣ ਤੇ ਜੋਰ ਲਾਉਣ ਲੱਗਾ। ਸ਼ੌਰਮਣੀ ਅਕਾਲੀ ਦਲ ਅਮਿਰੰਤਸਰ ਦੇ ਹੱਕ ਵਿੱਚ ਇਕ ਵੱਡੀ ਲਹਿਰ ਖੜੀ ਕਰਨ ਵਿੱਚ ਕਾਮਯਾਬ ਰਿਹਾ। ਅਮਰਗੜ੍ਹ ਹਲਕੇ ਵਿੱਚ ਦਿਨ ਰਾਤ ਇੱਕ ਕਰਕੇ ਆਪਣੇ ਘੇਰੇ ਨੂੰ ਵਧਾਉਦੇ ਹੋਏ ਹਰ ਇਕ ਨੂੰ ਸ। ਮਾਨ ਨੂੰ ਜਿਤਾਉਣ ਲਈ ਸੱਦੇ ਦੇਣ ਲੱਗਾ। ਹਨੇਰੀ ਝੁੱਲਣ ਲੱਗੀ। ਕਲਾਕਾਰਾਂ ਦਾ ਵੱਡਾ ਹਿਸਾ ਅਮਰਗੜ੍ਹ ਹਲਕੇ ਨੂੰ ਹਿਮਾਇਤ ਦੇਣ ਪੁੱਜਿਆ। ਬਰਾਬਰ ਦੀ ਇਲੈਕਸ਼ਨ ਲੜਦੇ ਉਮੀਦਵਾਰ ਸ। ਮਾਨ ਦੇ ਹੱਕ ਵਿੱਚ ਆ ਖੜੇ ਹੋਏ। ਵਿਦੇਸ਼ਾ ਵਿੱਚਲੀਆ ਪੰਜਾਬ ਪਰਤੀ ਸੰਭਾਵਨਾਵਾਂ ਵਿੱਚ ਬਦਲ ਵੇਖਣ ਨੂੰ ਮਿਲਿਆ। ਇਲੈਕਸ਼ਨਾ ਵਿੱਚ ਪੰਜ ਦਿਨ ਰਹਿੰਦੇ 15 ਫਰਵਰੀ ਨੂੰ ਦੀਪ ਸਿੱਧੂ ਦੇ ਭੇਦ ਭਰੇ ਢੰਗ ਨਾਲ ਐਕਸੀਡੈਂਟ ਹੋਣ ਮੌਤ ਨਾਲ ਸਾਰਾ ਪੰਜਾਬ, ਵਿਦੇਸੀ ਪੰਜਾਬੀ ਜਾਂ ਜਿਥੇ ਵੀ ਕੋਈ ਸ਼ੁਭਚਿੰਤਕ ਸੀ ਨੂੰ ਬਹੁਤ ਗਹਿਰਾ ਸਦਮਾਂ ਪਹੁੰਚਿਆ। ਪੰਜਾਬੀਆਂ ਦੇ ਸੀਨੇ ਅਸਿਹ ਕੁਰਲਾਹਟੀ ਦਰਦ ਨੇ ਇਕ ਦਮ ਸੁੰਨ ਕਰ ਦਿਤਾ। ਸਾਜ਼ਿਸਾਂ ਦੀ ਮਾਹਿਰ ਸਰਕਾਰ ਨੇ ਸਿੱਖਾਂ ਕੋਲੋ ਇਕ ਹੋਰ ਕੋਹੀਨੂਰ ਹੀਰਾ ਖੋਹ ਲਿਆਂ। ਸਿੱਖ ਸ਼ੰਘਰਸ ਨੂੰ ਮਿਲੀ ਇਕ ਨਵੀ ਸਵੇਰ ਦਾ ਲੋਢੇ ਵੇਲਾ ਹੋ ਗਿਆ। ਇਕ ਵੱਡੇ ਤਰਕੀ, ਦਲੀਲੀ ਆਗੂ ਦਾ ਸਿਖਰ ਦੁਪਿਹਰੇ ਜਾਣਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋ ਬਾਅਦ ਵੱਡੀ ਸੱਟ ਸੀ। ਪੀੜਵਾਰ ਲਈ ਪੁੱਤਰ, ਭਰਾ, ਪਿਤਾ, ਪਤੀ ਸਮੇਤ ਅਨੇਕਾਂ ਰਿਸ਼ਤਿਆਂ ਨੂੰ ਰਿਸਦੇ ਜ਼ਖਮ ਦੇ ਗਿਆ।

ਸਿੱਖ ਕੌਮ ਨੇ ਅੰਤਰਰਾਸ਼ਟਰੀ ਜਾਂਚ ਦੀ ਮੰਗ ਕੀਤੀ ਹੈ। ਜੋ ਵੀ ਸਾਜ਼ਿਸ ਰਚੀ ਗਈ ਹੈ ਉਸ ਉਪਰ ਉੱਚ ਪੱਧਰੀ ਪੜਤਾਲ ਹੋਵੇ। ਪੰਜਾਬ ਦੀ ਨੌਜਵਾਨੀ ਦੀ ਪਰਖ ਦੀ ਘੜੀ ਸ਼ੁਰੂ ਹੋ ਚੁੱਕੀ ਹੈ। ਜਾਤ ਪਾਤ, ਨਫਰਤ, ਨਸ਼ੇ ਤਿਆਗ ਕੇ ਆਪਣੀ ਹੋਣੀ ਸਵਾਰਨ ਲਈ ਘਰਾਂ ਵਿੱਚੋ ਬਾਹਰ ਨਿਕਲੇ। ਧਾਰਮਿਕ, ਰਾਜਨੀਤਕ, ਸਮਾਜਿਕ ਬੇਇਨਸਾਫੀ ਲਈ ਗੁਰੂਆਂ ਵੱਲੋ ਦਿਤੇ ਇਤਿਹਾਸ ਦੀ ਗਵਾਹ ਬਣੇ। ਕਿਵੇ ਸਾਡੇ ਪੁਰਖਿਆਂ ਨੇ ਧਰਮ ਹਿੱਤ ਸੀਸ ਦੇ ਕੇ, ਬਰਾਬਰਤਾ ਲਈ ਮੀਰੀ ਪੀਰੀ ਸਿਧਾਂਤ ਤੇ ਤੁਰ ਕੇ, ਸਰਬੰਸ ਵਾਰ ਕੇ ਮਨੁੱਖਤਾ ਦੇ ਹਿੱਤ ਲਈ ਪਹਿਰਾ ਦਿੱਤਾ। ਆਉ ਰਲ ਕੇ ਸ। ਸੰਦੀਪ ਸਿੰਘ ਸਿੱਧੂ ਉਰਫ ਦੀਪ ਸਿੱਧੂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ। ਉਹਨਾਂ ਦੇ ਸੱਚੇ ਸੁੱਚੇ ਅਦਰਸ਼ਾ ਤੇ ਚੱਲਈਏ। ਸਰਬ ਕਲਾ ਸੰਪੂਰਨ ਅਮਰ ਰੂਹ ਕੋਲੋ ਚੰਗੀ ਅਗਵਾਈ ਲਈ ਦਿਤੇ ਸੰਦੇਸ਼ ਨਾਲ ਤੁਰਨ ਦਾ ਅਹਿਦ ਲਈਏ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# ਆਪ ਦੀ ਡਾ ਜੀਵਨਜੋਤ ਕੌਰ ਨੇ ਸਿੱਧੂ ਤੇ ਮਜੀਠੀਆ ਝਟਕਾਏ

ਅੰਮ੍ਰਿਤਸਰ-ਪੰਜਾਬ ਦੀ ਸਭ ਤੋਂ ਚਰਚਿਤ ਸੀਟ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਕੇ 'ਆਪ' ਉਮੀਦਵਾਰ ਜੀਵਨਜੋਤ ਕੌਰ ਨੂੰ ਜਿਤਾ ਦਿੱਤਾ ਹੈ। ਜਦੋਂਕਿ ਵੱਡੇ ਸਿਆਸੀ ਧੁਨੰਤਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ



ਸਿੰਘ ਮਜੀਠੀਆ ਨੂੰ ਚਿੱਤ ਕਰ ਦਿੱਤਾ ਹੈ। ਜੀਵਨਜੋਤ ਕੌਰ ਨੇ ਨਵਜੋਤ ਸਿੰਘ ਸਿੱਧੂ ਨੂੰ 6750 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਪੂਰਬੀ ਵਿਧਾਨ ਸਭਾ ਹਲਕੇ ਵਿੱਚ ਪਹਿਲੀ ਵਾਰ ਚੋਣ ਲੜ ਰਹੀ 'ਆਪ' ਉਮੀਦਵਾਰ ਜੀਵਨਜੋਤ ਕੌਰ ਨੇ 39,679 ਵੋਟਾਂ ਪ੍ਰਾਪਤ ਕੀਤੀਆਂ ਹਨ, ਜਦੋਂਕਿ ਉਨ੍ਹਾਂ ਦੇ ਨੇੜਲੇ ਵਿਰੋਧੀ ਕਾਂਗਰਸੀ ਉਮੀਦਵਾਰ ਨਵਜੋਤ ਸਿੰਘ ਸਿੱਧੂ ਨੂੰ 32,929 ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਨੂੰ 25,188 ਵੋਟਾਂ ਮਿਲੀਆਂ ਹਨ। ਭਾਜਪਾ ਦੇ ਉਮੀਦਵਾਰ ਡਾ. ਜਗਮੋਹਨ ਸਿੰਘ ਰਾਜੂ ਸਾਬਕਾ ਆਈਏਐੱਸ ਅਧਿਕਾਰੀ ਨੂੰ ਸਿਰਫ 7286 ਵੋਟਾਂ ਮਿਲੀਆਂ ਹਨ। ਇਸ ਹਲਕੇ ਵਿੱਚ ਅਕਾਲੀ ਦਲ (ਅੰਮ੍ਰਿਤਸਰ) ਦੇ ਹਰਪਾਲ ਸਿੰਘ ਨੂੰ 912, ਬਹੁਜਨ ਮੁਕਤੀ ਪਾਰਟੀ ਦੇ ਤਰਸੇਮ ਲਾਲ ਨੂੰ 208, ਆਸ ਪੰਜਾਬ ਪਾਰਟੀ ਦੇ ਰਾਮੇਸ਼ ਸ਼ੁਕਲਾ ਸਫਰ, ਜੋ ਕਿ ਪੱਤਰਕਾਰ ਵੀ ਹਨ, ਨੂੰ 194, ਤਿੰਨ ਆਜ਼ਾਦ ਉਮੀਦਵਾਰਾਂ ਵਿੱਚ ਸ਼ਾਮਲ ਅਮਰਜੀਤ ਸਿੰਘ ਨੂੰ 307, ਸੁਖਜਿੰਦਰ ਸਿੰਘ 349, ਬਲਵਿੰਦਰ ਸਿੰਘ ਸੇਖੋਂ ਨੂੰ 261 ਵੋਟਾਂ ਪਈਆਂ ਹਨ। ਇਸ ਤੋਂ ਇਲਾਵਾ 690 ਜਣਿਆਂ ਨੇ ਨੋਟਾ ਦਾ ਬਟਨ ਦਬਾਇਆ ਹੈ।




## ਟਰੂਡੋ ਨੇ ਵਧਾਇਆ ਨਾਟੋ ਮਿਸ਼ਨ ਪਰ ਹੋਰ ਰੱਖਿਆ ਖਰਚ ਦਾ ਨਹੀਂ ਕੀਤਾ ਵਾਅਦਾ

ਸਫ਼ਾ 1 ਦੀ ਬਾਕੀ

ਕੈਨੇਡਾ ਲੰਬੀ ਮਿਆਦ 'ਦੇ ਮਿਸ਼ਨ 'ਤੇ ਰਹੇਗਾ। ਅਜਿਹਾ ਐਲਾਨ ਕਰਕੇ ਉਨ੍ਹਾਂ ਨੇ ਅਗਲੇ ਸਾਲ ਖਤਮ ਹੋਣ ਵਾਲੇ ਮਿਸ਼ਨ ਪ੍ਰਤੀ ਵਚਨਬੱਧਤਾ ਨੂੰ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਹੈ। ਟਰੂਡੋ ਨੇ ਕਿਹਾ ਕਿ ਇਹ ਮਿਸ਼ਨ ਪੂਰਬੀ ਯੂਰਪੀਅਨ ਦੇਸ਼ਾਂ ਨੂੰ ਸੁਰੱਖਿਅਤ ਨਾਲੋਂ ਵਧਕੇ ਹੈ। ਇਥੇ ਮੌਜੂਦ ਸੈਨਿਕ ਕੇਵਲ ਲਾਤਵੀਆ ਜਾਂ ਪੂਰਬੀ ਯੂਰਪ ਦੀ ਰਾਖੀ ਨਹੀਂ ਕਰ ਰਹੇ ਸਗੋਂ ਉਹ ਕੈਨੇਡਾ ਸਮੇਤ ਸਾਰੇ ਨਾਟੋ ਭਾਈਵਾਲਾਂ ਦੀ ਰਾਖੀ ਕਰ ਰਹੇ ਹਨ। ਟਰੂਡੋ ਯੂਰਪੀਨ ਦੌਰੇ ਦੇ ਹਿੱਸੇ ਵਜੋਂ ਲਾਤਵੀਆ ਵਿਚ ਮੌਜੂਦ ਸਨ ਅਤੇ ਉਥੋਂ ਉਨ੍ਹਾਂ ਦਾ ਜਰਮਨੀ ਤੇ ਪੋਲੈਂਡ ਜਾਣ ਦਾ ਪ੍ਰੋਗਰਾਮ ਸੀ। ਉਨ੍ਹਾਂ ਨੇ ਲਾਤਵੀਆ ਤੇ ਸਪੇਨ ਦੇ ਪ੍ਰਧਾਨ ਮੰਤਰੀਆਂ ਸਮੇਤ ਨਾਟੋ ਦੇ ਸਕੱਤਰ ਜਨਰਲ ਜੇਨਸ ਸਟੋਲਟਨਬਰਗ ਨਾਲ ਮੁਲਾਕਾਤ ਵੀ ਕੀਤੀ। ਜਦੋਂ ਰੂਸ ਦਾ ਯੂਕਰੇਨ ਵਿਚ ਹਮਲਾ ਸ਼ੁਰੂ ਹੋਇਆ ਹੈ ਉਸ ਸਮੇਂ ਤੋਂ ਕੈਨੇਡਾ ਨੇ ਰੂਸ ਖਿਲਾਫ ਕਈ ਆਰਥਿਕ ਪਾਬੰਦੀਆਂ ਲਗਾਈਆਂ ਹਨ ਅਤੇ ਯੂਕਰੇਨੀ ਸੈਨਿਕਾਂ ਨੂੰ ਲੱਖਾਂ ਡਾਲਰ ਦੇ ਹਥਿਆਰ ਭੇਜੇ ਹਨ।

### ਨਾਟੋ ਨੇ ਜੀਡੀਪੀ ਦਾ 2 ਫ਼ੀਸਦੀ ਖਰਚ ਕਰਨ ਲਈ ਕਿਹਾ ਸੀ

ਨਾਟੋ ਨੇ ਮੈਂਬਰ ਦੇਸ਼ਾਂ ਨੂੰ ਆਪਣੀ ਜੀਡੀਪੀ ਦਾ 2 ਫ਼ੀਸਦੀ ਰੱਖਿਆ 'ਤੇ ਖਰਚ ਕਰਨ ਲਈ ਕਿਹਾ ਸੀ ਪਰ ਕੈਨੇਡਾ ਇਸ ਨਿਸ਼ਾਨੇ ਨੂੰ ਪੂਰਾ ਕਰਨ ਵਿਚ ਨਾਕਾਮ ਰਿਹਾ ਹੈ ਅਤੇ ਨਾਟੋ ਦੇ ਤਾਜ਼ਾ ਅੰਕੜਿਆਂ ਮੁਤਾਬਿਕ ਮੌਜੂਦਾ ਸਮੇਂ ਕੈਨੇਡਾ 1.39 ਫ਼ੀਸਦੀ ਖਰਚ ਕਰ ਰਿਹਾ ਹੈ। ਯੂਕਰੇਨ ਨਾਟੋ ਦਾ ਮੈਂਬਰ ਨਹੀਂ ਜਿਸ ਦਾ ਮਤਲਬ ਗੱਠਜੋੜ ਹਮਲੇ ਦਾ ਜਵਾਬ ਦੇਣ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਨਹੀਂ। ਸਟੋਲਟਨਬਰਗ ਨੇ ਜ਼ੋਰ ਦਿੱਤਾ ਕਿ ਗੱਠਜੋੜ ਰੱਖਿਆਤਮਿਕ ਹੈ ਅਤੇ ਰੂਸ ਨਾਲ ਟਕਰਾਅ ਵਿਚ ਪੈਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ ਅਤੇ ਉਸ ਦੀ ਕਾਰਵਾਈਆਂ ਪ੍ਰਤੀ ਦੁਨੀਆਂ ਦੇ ਜਵਾਬ ਨੂੰ ਘਟਾ ਕੇ ਦੇਖਿਆ ਹੈ। ਉਨ੍ਹਾਂ ਕਿਹਾ ਕਿ ਇਸਟੋਨੀਆ ਤੇ ਲਾਤਵੀਆ ਵਰਗੇ ਦੇਸ਼ਾਂ ਵਿਚ ਵਧੇਰੇ ਸੈਨਿਕਾਂ ਦੀ ਮੌਜੂਦਗੀ ਇਹ ਯਕੀਨੀ ਬਣਾਉਣਾ ਹੈ ਕਿ ਜੰਗ ਯੂਕਰੇਨ ਦੀਆਂ ਸਰਹੱਦਾਂ ਤੋਂ ਬਾਹਰ ਨਾ ਫੈਲੇ।

## ਓਨਟਾਰੀਓ ਵਲੋਂ 21 ਮਾਰਚ ਤੋਂ ਕੋਵਿਡ-19 ਮਾਸਕ ਆਦੇਸ਼ਾਂ ਨੂੰ ਹਟਾਉਣ ਦਾ ਐਲਾਨ

ਸਫ਼ਾ 1 ਦੀ ਬਾਕੀ

ਜਿੰਮਾਂ ਅਤੇ ਮੂਵੀ ਥੀਏਟਰਾਂ ਵਿਚ ਮਾਸਕ ਦੀ ਲੋੜ ਨਹੀਂ ਰਹੇਗੀ। ਸਰਕਾਰ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਮਾਸਕ ਪਹਿਨਣਾ ਚਾਹੁੰਦਾ ਹੈ ਤਾਂ ਉਹ ਆਪਣੇ ਤੌਰ 'ਤੇ ਅਜਿਹਾ ਕਰ ਸਕਦਾ ਹੈ। 14 ਮਾਰਚ ਤੋਂ ਸਕੂਲਾਂ, ਚਾਈਲਡ ਕੇਅਰ ਥਾਵਾਂ, ਹਸਪਤਾਲਾਂ ਅਤੇ ਲਾਂਗ ਟਰਮ ਕੇਅਰ ਹੋਮਜ਼ ਵਿਖੇ ਮੁਲਾਜ਼ਮਾਂ ਲਈ ਲਾਜ਼ਮੀ ਟੀਕਾਕਰਣ ਦੀਆਂ ਨੀਤੀਆਂ ਵੀ ਖਤਮ ਹੋ ਜਾਣਗੀਆਂ ਪਰ 27 ਅਪ੍ਰੈਲ ਤਕ ਜਨਤਕ ਟਰਾਂਜ਼ਿਟ, ਲਾਂਗ-ਟਰਮ ਕੇਅਰ ਹੋਮਜ਼, ਹੈਲਥ ਕੇਅਰ ਸੈਟਿੰਗਾਂ ਅਤੇ ਸ਼ੈਲਟਰਸ ਵਰਗੀਆਂ ਥਾਵਾਂ ਵਿਚ ਮਾਸਕ ਤੇ ਚਿਹਰੇ ਨੂੰ ਢੱਕਣ ਦੀਆਂ ਸ਼ਰਤਾਂ ਲਾਗੂ ਰਹਿਣਗੀਆਂ। ਇਸ ਤੋਂ ਬਾਅਦ ਇਹ ਸ਼ਰਤ ਉਨ੍ਹਾਂ ਸੈਟਿੰਗਾਂ ਵਿਚ ਖਤਮ ਹੋ ਜਾਵੇਗੀ। ਇਸ ਤੋਂ ਇਲਾਵਾ ਰੀਓਪਨਿੰਗ ਓਨਟਾਰੀਓ ਐਕਟ (ਆਰਓਏ) ਜਿਸ ਤਹਿਤ ਸਰਕਾਰ ਨੂੰ ਸੂਬਾ ਪੱਧਰ ਵਿਖੇ ਜਨਤਕ ਸਿਹਤ ਹਦਾਇਤਾਂ ਜਾਰੀ ਕਰ ਸਕਦੀ ਹੈ ਵੀ 28 ਮਾਰਚ ਨੂੰ ਖਤਮ ਹੋ ਜਾਵੇਗਾ। ਇਕ ਵੱਖਰੀ ਪ੍ਰੈਸ ਕਾਨਫਰੰਸ ਵਿਚ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ 21 ਮਾਰਚ ਤੋਂ ਬਾਅਦ ਮਾਸਕ ਪਹਿਨਣ ਦੀ ਚੋਣ ਨਿੱਜੀ ਹੋਵੇਗੀ।

## ਬ੍ਰਿਟਿਸ਼ ਕੋਲੰਬੀਆ ਵਿਚ ਜਨਤਕ ਅੰਦਰੂਨੀ ਥਾਵਾਂ ਤੇ ਮਾਸਕ ਪਾਬੰਦੀਆਂ ਹਟਾਉਣ ਦਾ ਐਲਾਨ

ਸਫ਼ਾ 1 ਦੀ ਬਾਕੀ

ਪੂਰੀ ਲੰਬੀ ਮਿਆਦ ਦੀ ਦੇਖਭਾਲ ਲਈ ਮੁਲਾਕਾਤ ਨੂੰ ਬਹਾਲ ਕੀਤਾ ਜਾਵੇਗਾ ਅਤੇ ਰਾਤੋ ਰਾਤ ਬੱਚੇ ਅਤੇ ਯੁਵਾ ਕੈਂਪ 'ਤੇ ਪਾਬੰਦੀ ਲਗਾਉਣ ਵਾਲੇ ਆਦੇਸ਼ ਅਤੇ ਵਿਸ਼ਵਾਸ ਨਾਲ ਸਬੰਧਤ ਸਮਾਗਮਾਂ 'ਤੇ ਸਮਰੱਥਾ ਸੀਮਾਵਾਂ ਨੂੰ ਵੀ ਹਟਾ ਦਿੱਤਾ ਜਾਵੇਗਾ। ਨਾਲ ਹੀ 8 ਅਪ੍ਰੈਲ ਨੂੰ, ਕਾਰੋਬਾਰ ਕੋਵਿਡ-19 ਸੁਰੱਖਿਆ ਯੋਜਨਾਵਾਂ ਤੋਂ ਦੂਰ ਹੋ ਜਾਣਗੇ ਜਿਨ੍ਹਾਂ ਨੂੰ ਸੰਚਾਰੀ ਰੋਗ ਯੋਜਨਾਵਾਂ ਨਾਲ ਬਦਲ ਦਿੱਤਾ ਜਾਵੇਗਾ ਅਤੇ ਆਨ-ਕੈਂਪਸ ਹਾਊਸਿੰਗ ਲਈ ਪੋਸਟ-ਸੈਕੰਡਰੀ ਸਕੂਲ ਵੈਕਸੀਨ ਦੀ ਲੋੜ ਨੂੰ ਹਟਾ ਦਿੱਤਾ ਜਾਵੇਗਾ। ਸਪਰਿੰਗ ਬ੍ਰੇਕ ਤੋਂ ਵਾਪਸ ਆਉਣ 'ਤੇ ਸਕੂਲ ਦਿਸ਼ਾ-ਨਿਰਦੇਸ਼ਾਂ ਨੂੰ ਸੋਧਿਆ ਜਾਵੇਗਾ ਅਤੇ ਸੂਬੇ ਵਿੱਚ ਬੱਚਿਆਂ ਦੀ ਦੇਖਭਾਲ ਸੰਬੰਧੀ ਦਿਸ਼ਾ-ਨਿਰਦੇਸ਼ਾਂ ਨੂੰ ਸੋਧਿਆ ਜਾਵੇਗਾ। ਸੰਸ਼ੋਧਿਤ ਦਿਸ਼ਾ-ਨਿਰਦੇਸ਼ਾਂ 'ਤੇ ਜਨਤਕ ਸਿਹਤ ਆਰਡਰ ਅਜੇ ਜਾਰੀ ਨਹੀਂ ਕੀਤਾ ਗਿਆ ਹੈ, ਪਰ ਹੈਨਰੀ ਨੇ ਕਿਹਾ ਕਿ ਹੁਣ K-12 ਸੈਟਿੰਗਾਂ ਵਿੱਚ ਮਾਸਕ ਦੀ ਲੋੜ ਨਹੀਂ ਹੋਵੇਗੀ। ਸੋਮਵਾਰ (7 ਮਾਰਚ) ਨੂੰ, ਜਨਤਕ ਸਿਹਤ ਦਫ਼ਤਰ ਨੇ ਇੱਕ ਆਦੇਸ਼ ਪੋਸਟ ਕੀਤਾ ਜਿਸ ਵਿੱਚ ਸਿਹਤ-ਸੰਭਾਲ ਪੇਸ਼ੇਵਰਾਂ ਨੂੰ 31 ਮਾਰਚ ਤੱਕ ਆਪਣੇ ਕਾਲਜਾਂ ਵਿੱਚ ਆਪਣੇ ਟੀਕਾਕਰਨ ਦੀ ਸਥਿਤੀ ਦੀ ਰਿਪੋਰਟ ਕਰਨ ਲਈ ਕਿਹਾ ਗਿਆ ਸੀ। ਪਹਿਲਾਂ, ਸੂਬੇ ਨੇ ਕਿਹਾ ਸੀ ਕਿ ਸਿਹਤ-ਸੰਭਾਲ ਪੇਸ਼ੇਵਰਾਂ ਨੂੰ 24 ਮਾਰਚ ਤੱਕ ਟੀਕਾਕਰਨ ਦੀ ਲੋੜ ਹੋਵੇਗੀ, ਪਰ ਜੋ ਕਿ ਹੁਣ ਕੇਸ ਨਹੀ ਹੈ।



# 'ਆਪ' ਨੇ ਪੰਜਾਬ ਵਿਚ ਤੀਜੀ ਧਿਰ ਬਣਨ ਦਾ ਇਤਿਹਾਸ ਸਿਰਜਿਆ




ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੇ ਸਿਆਸੀ ਇਤਿਹਾਸ ਵਿੱਚ ਤੀਜੀ ਧਿਰ ਵਜੋਂ ਉੱਭਰ ਕੇ ਸੱਤਾ 'ਤੇ ਕਾਬਜ਼ ਹੋਣ ਦਾ ਇਤਿਹਾਸ ਸਿਰਜਿਆ ਹੈ। ਹੁਣ ਤੱਕ ਸੂਬੇ ਦੀ ਸਿਆਸੀ ਵਾਗਡੋਰ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਹੀ ਹੱਥ ਰਹੀ ਹੈ। ਸਾਲ 2017 'ਚ ਮੁੱਖ ਵਿਰੋਧੀ ਧਿਰ ਵਜੋਂ ਉੱਭਰਨ ਤੋਂ ਬਾਅਦ ਵੱਡੀਆਂ ਚੁਣੌਤੀਆਂ ਨਾਲ ਜੂਝਦੇ ਹੋਏ ਆਮ ਆਦਮੀ ਪਾਰਟੀ (ਆਪ) ਇਸ ਵਾਰ ਰਵਾਇਤੀ ਪਾਰਟੀਆਂ ਨੂੰ ਹਰਾਉਣ 'ਚ ਕਾਮਯਾਬ ਹੋ ਸਕੀ ਹੈ। ਆਮ ਆਦਮੀ ਪਾਰਟੀ ਨੇ ਸਾਲ 2014 'ਚ ਲੋਕ ਸਭਾ ਚੋਣਾਂ ਰਾਹੀਂ ਪੰਜਾਬ ਦੀ ਸਿਆਸਤ 'ਚ ਪੈਰ ਰੱਖਿਆ ਤੇ 4 ਸੀਟਾਂ ਜਿੱਤੀਆਂ। ਇਨ੍ਹਾਂ ਚੋਣਾਂ 'ਚ ਸੰਗਰੂਰ ਤੋਂ ਭਗਵੰਤ ਮਾਨ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਫਤਿਹਗੜ੍ਹ ਸਾਹਿਬ ਤੋਂ ਹਰਿੰਦਰ ਸਿੰਘ ਖਾਲਸਾ ਅਤੇ ਫਰੀਦਕੋਟ ਤੋਂ ਸਾਧੂ ਸਿੰਘ ਨੇ ਚੋਣ ਜਿੱਤੀ ਸੀ। ਇਸ ਦੌਰਾਨ ਪਾਰਟੀ ਵਿੱਚ ਸ਼ੁਰੂ ਹੋਏ ਅੰਦਰੂਨੀ ਕਸ਼ਮਕਸ਼ ਦੇ ਚਲਦਿਆਂ ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਪਾਰਟੀ ਨੂੰ ਅਲਵਿਦਾ ਆਖ ਗਏ। ਸਾਲ 2017 ਦੀਆਂ ਵਿਧਾਨ ਸਭਾ ਲਈ ਚੋਣਾਂ ਦੌਰਾਨ 'ਆਪ' ਨੇ ਲੋਕ ਇਨਸਾਫ਼ ਪਾਰਟੀ ਨਾਲ ਗੱਠਜੋੜ ਕਰਦਿਆਂ ਜ਼ੋਰ-ਸ਼ੋਰ ਨਾਲ ਹਿੱਸਾ ਲਿਆ। ਇਨ੍ਹਾਂ ਚੋਣਾਂ ਦੌਰਾਨ 'ਆਪ' ਨੇ 112 ਅਤੇ ਲੋਕ ਇਨਸਾਫ਼ ਪਾਰਟੀ ਨੇ 5 ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਸੀ। 'ਆਪ' ਦੇ 20 ਅਤੇ ਲੋਕ ਇਨਸਾਫ਼ ਪਾਰਟੀ ਦੇ 2 ਉਮੀਦਵਾਰ ਜਿੱਤ ਹਾਸਿਲ ਕਰ ਸਕੇ ਸੀ। ਇਸ ਤਰ੍ਹਾਂ 'ਆਪ' ਗੱਠਜੋੜ 22 ਉਮੀਦਵਾਰਾਂ ਨਾਲ ਮੁੱਖ ਵਿਰੋਧੀ ਧਿਰ ਵਜੋਂ ਉੱਭਰੀ ਸੀ। ਵਿਧਾਨ ਸਭਾ ਹਲਕਾ ਭੁਲੱਥ ਤੋਂ ਜੇਤੂ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦੇ ਨੇਤਾ ਬਣਾਇਆ ਗਿਆ। ਕੁਝ ਸਮਾਂ ਬਾਅਦ 'ਆਪ' ਵਿੱਚ ਅੰਦਰੂਨੀ ਕਸ਼ਮਕਸ਼ ਸ਼ੁਰੂ ਹੋਣ ਲੱਗ ਪਈ ਤੇ ਖਹਿਰਾ ਦੀ ਥਾਂ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਆਗੂ ਚੁਣਿਆ ਗਿਆ। ਇਸ ਤੋਂ ਖਫ਼ਾ ਹੋ ਕੇ ਖਹਿਰਾ ਨੇ 'ਆਪ' ਨਾਲੋਂ ਵੱਖ ਹੋ ਕੇ ਜਨਵਰੀ 2019 'ਚ 'ਪੰਜਾਬ ਏਕਤਾ ਪਾਰਟੀ' ਬਣਾਈ ਸੀ। ਇਸੇ ਤਰ੍ਹਾਂ ਲੋਕ ਇਨਸਾਫ਼ ਪਾਰਟੀ ਦੇ ਦੋ ਵਿਧਾਇਕਾਂ ਨੇ 'ਆਪ' ਤੋਂ ਹਮਾਇਤ ਵਾਪਸ ਲੈ ਲਈ ਅਤੇ ਕਈ ਵਿਧਾਇਕ 'ਆਪ' ਨੂੰ ਅਲਵਿਦਾ ਕਹਿ ਗਏ। ਸਾਲ 2017 ਵਿੱਚ 'ਆਪ' ਸੂਬੇ ਦੀਆਂ ਜ਼ਿਮਨੀ ਚੋਣਾਂ, ਨਗਰ ਨਿਗਮ, ਬਲਾਕ ਸਮਿਤੀ ਅਤੇ ਪੰਚਾਇਤੀ ਚੋਣਾਂ 'ਚ ਕੋਈ ਜ਼ਿਕਰਯੋਗ ਕਾਰਗੁਜ਼ਾਰੀ ਨਾ ਦਿਖਾ ਸਕੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੇ ਪੰਜਾਬ ਦੀਆਂ ਸਾਰੀਆਂ 13 ਸੰਸਦੀ ਸੀਟਾਂ ਤੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ, ਪਰ ਸਿਰਫ਼ ਸੰਗਰੂਰ ਲੋਕ ਸਭਾ ਹਲਕੇ ਤੋਂ ਭਗਵੰਤ ਮਾਨ ਹੀ ਸੀਟ ਬਚਾ ਸਕੇ। ਸਾਲ 2022 ਦੀਆਂ ਚੋਣਾਂ ਲਈ 'ਆਪ' ਮੁੱਖ ਮੰਤਰੀ ਚਿਹਰੇ ਦੀ ਭਾਲ 'ਚ ਹੋਰਨਾਂ ਸਿਆਸੀ ਪਾਰਟੀਆਂ 'ਤੇ ਟੇਕ ਰੱਖੀ ਬੈਠੀ ਰਹੀ। ਉਸੇ ਕਰਕੇ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਵੀ ਲੰਬਾ ਸਮਾਂ ਪਾਰਟੀ ਤੋਂ ਨਾਰਾਜ਼ ਹੋ ਕੇ ਪਾਰਟੀ ਦੀਆਂ ਗਤੀਵਿਧੀਆਂ ਤੋਂ ਪਾਸੇ ਰਹੇ। ਅਖੀਰ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਵੋਟਿੰਗ ਸਰਵੇ ਕਰਵਾ ਕੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ। ਉਸੇ ਦੇ ਚਲਦਿਆਂ ਵਿਧਾਨ ਸਭਾ ਚੋਣਾਂ ਵਿੱਚ ਰਵਾਇਤੀ ਪਾਰਟੀਆਂ ਨੂੰ ਖੂੰਜੇ ਲਗਾ ਕੇ 'ਆਪ' 92 ਸੀਟਾਂ ਨਾਲ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਜਾ ਰਹੀ ਹੈ।

## ਹਵਾਈ ਅੱਡਿਆਂ ਤੇ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਡਿਊਟੀ ਸਮੇਂ ਸ੍ਰੀ ਸਾਹਿਬ ਪਾਉਣ ਤੋਂ ਮਨਾਹੀ ਲਈ ਨੋਟਿਸ ਜਾਰੀ

ਦਿੱਲੀ-ਕੇਂਦਰੀ ਹਵਾਬਾਜ਼ੀ ਵਿਭਾਗ ਵੱਲੋਂ ਹੁਣ ਹਵਾਈ ਅੱਡਿਆਂ 'ਤੇ ਕੰਮ ਕਰਦੇ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਸ੍ਰੀ ਸਾਹਿਬ ਪਾ ਕੇ ਅੰਦਰ ਕੰਮ ਲਈ ਜਾਣ ਤੋਂ ਰੋਕ ਲਾਉਣ ਦਾ ਇੱਕ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਹ ਨੋਟੀਫਿਕੇਸ਼ਨ ਕੇਂਦਰੀ ਹਵਾਬਾਜ਼ੀ ਮੰਤਰਾਲੇ 4 ਮਾਰਚ ਨੂੰ ਜਾਰੀ ਕੀਤਾ ਗਿਆ ਹੈ, ਜੋ ਦੇਸ਼ ਭਰ ਦੇ ਹਵਾਈ ਅੱਡਿਆਂ 'ਤੇ ਲਾਗੂ ਹੋਵੇਗਾ। ਨੋਟੀਫਿਕੇਸ਼ਨ 'ਚ ਅੰਮ੍ਰਿਤਧਾਰੀ ਸਿੱਖਾਂ 'ਤੇ ਲਾਈ ਰੋਕ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਵਿਰੋਧ ਕੀਤਾ ਹੈ। 23 ਸਫ਼ਿਆਂ ਦੇ ਇਸ ਨੋਟੀਫਿਕੇਸ਼ਨ ਦੇ ਸਫ਼ਾ ਨੰਬਰ ਪੰਜ 'ਤੇ 'ਕਿਰਪਾਨ' ਟਾਈਟਲ ਹੇਠ ਇਹ ਨਵੀਂ ਰੋਕ ਦਾ ਜ਼ਿਕਰ ਇਸ ਦੀ ਮਦ ਬੀ ਵਿੱਚ ਸ਼ਾਮਲ ਹੈ। ਇਸ ਵਿੱਚ ਲਿਖਿਆ ਕਿ ਸਿੱਖ ਯਾਤਰੂਆਂ ਨੂੰ ਛੱਡ ਕੇ ਕਿਸੇ ਵੀ ਸਿੱਖ ਕਰਮਚਾਰੀ ਤੇ ਹੋਰ ਸਿੱਖ ਸਹਿਭਾਗੀ ਨੂੰ ਹਵਾਈ ਅੱਡੇ ਦੇ ਕਿਸੇ ਵੀ ਟਰਮੀਨਲ ਚਾਹੇ ਉਹ ਘਰੇਲੂ ਹੋਵੇ ਜਾਂ ਕੌਮਾਂਤਰੀ, ਉੱਤੇ ਕਿਰਪਾਨ ਪਹਿਨ ਕੇ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ। ਮੱਦ ਵਿੱਚ ਇਹ ਵੀ ਦਰਜ ਹੈ ਕਿ ਸਿੱਖ ਯਾਤਰੂ ਛੇ ਇੰਚ ਦੀ ਸ੍ਰੀ ਸਾਹਿਬ ਪਹਿਨ ਕੇ ਘਰੇਲੂ ਉਡਾਣਾਂ ਵਿੱਚ ਸਫ਼ਰ ਕਰ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਦੇ ਕਕਾਰਾਂ (ਕਿਰਪਾਨ) 'ਤੇ ਪਾਬੰਦੀ ਲਾਉਣ ਦਾ ਸਖ਼ਤ ਨੋਟਿਸ ਲੈਂਦਿਆਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਹ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ। ਉਨ੍ਹਾਂ ਨੇ ਕੇਂਦਰੀ ਹਵਾਬਾਜ਼ੀ ਮੰਤਰੀ ਨੂੰ ਪੱਤਰ ਭੇਜ ਕੇ ਇਸ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਇਸ ਨੋਟੀਫਿਕੇਸ਼ਨ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਤਾਜ਼ਾ ਨੋਟੀਫਿਕੇਸ਼ਨ, ਜਿਸ ਵਿਚ ਸਿੱਖ ਕਰਮਚਾਰੀਆਂ ਨੂੰ ਏਅਰਪੋਰਟ ਅੰਦਰ ਸਿੱਖ ਕਕਾਰ ਸ੍ਰੀ ਸਾਹਿਬ ਪਹਿਨ ਕੇ ਜਾਣ ਤੋਂ ਵਰਜਿਆ ਗਿਆ ਹੈ, ਸਿੱਖਾਂ ਨਾਲ 'ਸ਼ਰ੍ਹੇਆਮ ਧੱਕਾ' ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਇਹ ਵਿਤਕਰਾ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਵੱਡਾ ਹਮਲਾ ਹੈ, ਜਿਸ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।

## ਯੂਨੀਅਨ ਨੇ ਆਈਸੀਯੂ ਨਰਸਾਂ ਦੀ ਘਾਟ ਬਾਰੇ ਦਿੱਤੀ ਚਿਤਾਵਨੀ

ਵਿਕਟੋਰੀਆ-ਬੀਸੀ ਨਰਸਾਂ ਦੀ ਯੂਨੀਅਨ ਆਈਸੀਯੂ ਵਿਚ ਕੰਮ ਕਰਨ ਵਾਲੀਆਂ ਨਰਸਾਂ ਦੀ ਘਾਟ ਦੀ ਚਿਤਾਵਨੀ ਦੇ ਰਹੀ ਹੈ। ਸੂਬੇ ਨੇ ਹਾਲ ਹੀ ਵਿਚ ਨਵੀਆਂ ਨਰਸਾਂ ਨੂੰ ਸਿਖਲਾਈ ਦੇਣ ਲਈ ਥਾਵਾਂ ਵਿਚ ਵਾਧਾ ਕੀਤਾ ਹੈ ਪਰ ਯੂਨੀਅਨ ਦਾ ਕਹਿਣਾ ਕਿ ਅੰਤਰਿਮ ਵਿਚ ਹੋਰ ਬਹੁਤ ਕੁਝ ਕੀਤਾ ਜਾ ਸਕਦਾ ਹੈ। ਬੀਸੀਐਨਯੂ ਉਪ ਪ੍ਰਧਾਨ ਐਡਰੀਅਨ ਗੇਅਰ ਨੇ ਕਿਹਾ ਕਿ ਸਾਰੀਆਂ ਨਰਸਾਂ ਖਾਸਕਰ ਆਈਸੀਯੂ ਜਿਹੜਾ ਮਹਾਂਮਾਰੀ ਦੌਰਾਨ ਵਿਸ਼ੇਸ਼ ਰੂਪ ਵਿਚ ਪ੍ਰਭਾਵਤ ਰਿਹਾ ਹੈ 'ਤੇ ਦਬਾਅ ਤੇ ਕੰਮ ਦਾ ਬੋਝ ਬਹੁਤ ਜ਼ਿਆਦਾ ਹੈ। ਉਹ ਇਹ ਤਾਂ ਨਹੀਂ ਦੱਸ ਸਕਦੀ ਹੈ ਕਿ ਇਸ ਖੇਤਰ ਵਿਚ ਕਿੰਨੀਆਂ ਨਰਸਾਂ ਦੀ ਘਾਟ ਹੈ ਕਿਉਂਕਿ ਡਾਟਾ ਸਾਂਝਾ ਕਰਨ ਵਿਚ ਕੋਈ ਪਾਰਦਰਸ਼ਤਾ ਨਹੀਂ ਪਰ ਸਾਨੂੰ ਇਹ ਪਤਾ ਹੈ ਕਿ ਬਹੁਤ ਸਾਰੀਆਂ ਅਸਾਮੀਆਂ ਹਨ। ਗੇਅਰ ਨੇ ਕਿਹਾ ਕਿ ਨਰਸਾਂ ਦੀ ਘਾਟ ਤਾਂ ਮਹਾਂਮਾਰੀ ਤੋਂ ਪਹਿਲਾਂ ਦੀ ਹੈ ਅਤੇ ਇਹ ਕੇਵਲ ਆਈਸੀਯੂ ਵਿਚ ਹੀ ਨਹੀਂ ਪਰ ਕੋਵਿਡ-19 ਨੇ ਪਹਿਲਾਂ ਹੀ ਤਣਾਅ ਵਾਲੇ ਸਿਸਟਮ 'ਤੇ ਦਬਾਅ ਪਾਇਆ ਹੈ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8

satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 12 ਮਾਰਚ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**



CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

## ਹਮਬੋਲਟ ਬ੍ਰੋਂਕੋਸ ਦੁਰਘਟਨਾ 'ਚ 16 ਲੋਕਾਂ ਦੀ ਜਾਨ ਲੈਣ ਵਾਲੇ ਟਰੱਕ ਡਰਾਈਵਰ ਦੀ ਕੈਨੇਡਾ ਵਿਚ ਰਹਿਣ ਦੀ ਅਰਜ਼ੀ ਰੱਦ



ਓਟਵਾ-ਟਰੱਕ ਡਰਾਈਵਰ ਜਿਸ ਨੇ ਹਮਬੋਲਟ ਬ੍ਰੋਂਕੋਸ ਬੱਸ ਦੁਰਘਟਨਾ ਵਿਚ 16 ਵਿਅਕਤੀਆਂ ਦੀ ਜਾਨ ਲੈ ਲਈ ਸੀ ਕੈਨੇਡਾ ਵਿਚ ਟਿਕੇ ਰਹਿਣ ਲਈ ਆਪਣੀ ਕੋਸ਼ਿਸ਼ ਵਿਚ ਅਸਫਲ ਹੋ ਗਿਆ ਹੈ। ਜਦੋਂ ਉਹ ਆਪਣੀ ਸਜ਼ਾ ਪੂਰੀ ਕਰੇਗਾ ਤਾਂ ਉਸ ਨੂੰ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰਨਾ ਪਵੇਗਾ। ਜਸਕੀਰਤ ਸਿੰਘ ਸਿੱਧੂ ਦੀ ਪ੍ਰਤੀਨਿਧਤਾ ਕਰ ਰਹੇ ਇਮੀਗ੍ਰੇਸ਼ਨ ਵਕੀਲ ਮਾਈਕਲ ਗ੍ਰੀਨ ਮੁਤਾਬਿਕ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨੇ ਸਿੱਧੂ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ। ਕੈਲਗਰੀ ਆਧਾਰਤ ਵਕੀਲ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਅਰਜ਼ੀ ਰੱਦ ਕਰਨ ਦਾ ਸੀਬੀਐਸਏ ਨੇ ਕੋਈ ਕਾਰਨ ਨਹੀਂ ਦੱਸਿਆ ਅਤੇ ਸਿੱਧੂ ਦੀ ਫ਼ੈਸਲੇ ਨੂੰ ਫੈਡਰਲ ਅਦਾਲਤ ਵਿਚ ਚੁਣੌਤੀ ਦੇਣ ਦੀ ਯੋਜਨਾ ਹੈ। ਅਪ੍ਰੈਲ 2018 ਵਿਚ ਸਿੱਧੂ ਨੇ ਟਿਸਡੇਲ ਨੇੜੇ ਰੁਕਣ ਦੇ ਸਾਈਨ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਟਰੱਕ ਲੰਘਾ ਦਿੱਤਾ ਜਿਸ ਕਾਰਨ ਟਰੱਕ ਹਮਬੋਲਟ ਬ੍ਰੋਂਕੋਸ ਟੀਮ ਬੱਸ ਨਾਲ ਟਕਰਾ ਗਿਆ ਸਿੱਟੇ ਵਜੋਂ 16 ਵਿਅਕਤੀਆਂ ਦੀ ਮੌਤ ਹੋ ਗਈ ਅਤੇ 13 ਹੋਰ ਜ਼ਖ਼ਮੀ ਹੋ ਗਏ। ਸਿੱਧੂ ਜਿਸ ਕੋਲ ਪੀਆਰ ਦਾ ਸਟੇਟਸ ਹੈ ਵਲੋਂ ਖਤਰਨਾਕ ਡਰਾਈਵਿੰਗ ਕਰਨ ਜਿਸ ਨਾਲ ਮੌਤਾਂ ਹੋਈਆਂ ਅਤੇ ਕਈ ਲੋਕ ਜ਼ਖ਼ਮੀ ਹੋਏ ਦਾ ਕਸੂਰ ਸਵੀਕਾਰ ਕਰਨ ਪਿੱਛੋਂ ਉਸ ਨੂੰ 8 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਸੀਬੀਐਸਏ ਤੋਂ ਫ਼ੈਸਲੇ ਦੀ ਉਡੀਕ ਕਰ ਰਿਹਾ ਸੀ ਕਿ ਜਦੋਂ ਉਸ ਦੀ ਸਜ਼ਾ ਖਤਮ ਹੋਵੇਗੀ ਤਾਂ ਕੀ ਉਸ ਨੂੰ ਡਿਪੋਰਟ ਕੀਤਾ ਜਾਵੇਗਾ ਜਾਂ ਨਹੀਂ।

## ਵੈਨਕੂਵਰ ਦੀ ਜਨਰੇਸ਼ਨ ਜ਼ੈੱਡ ਦੇ 40 ਫ਼ੀਸਦੀ ਬਾਲਗ ਸਹਿ-ਮਾਲਕੀ ਵਾਲੇ ਪਹਿਲੇ ਘਰ ਲਈ ਆਸਵੰਦ



ਵਿਕਟੋਰੀਆ-ਵੈਨਕੂਵਰ ਵਿਚ ਰਹਿ ਰਹੇ ਜਨਰੇਸ਼ਨ ਜ਼ੈੱਡ ਦੇ ਇਕ ਤਿਹਾਈ ਤੋਂ ਵੀ ਵੱਧ ਬਾਲਗਾਂ ਨੂੰ ਆਸ ਹੈ ਕਿ ਉਨ੍ਹਾਂ ਦੇ ਦੋਸਤਾਂ ਜਾਂ ਪਰਿਵਾਰ ਵਰਗੇ ਕਿਸੇ ਹੋਰ ਨਾਲ ਸਹਿ-ਮਾਲਕੀ ਵਾਲਾ ਪਹਿਲਾ ਘਰ ਹੋਵੇਗਾ, ਭਾਵ ਉਹ ਕਿਸੇ ਨਾਲ ਰਲ ਕੇ ਪਹਿਲਾ ਖਰੀਦਣਗੇ। ਸੋਥਬੀਜ਼ ਇੰਟਰਨੈਸ਼ਨਲ ਰੀਅਲ ਅਸਟੇਟ ਅਤੇ ਮਸਟਲ ਗਰੁੱਪ ਵਲੋਂ ਜਾਰੀ ਜਨਰੇਸ਼ਨ ਜ਼ੈੱਡ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਕਿਵੇਂ ਇਸ ਉਮਰ ਦੇ ਲੋਕ ਸਮੁੱਚੇ ਦੇਸ਼ ਵਿਚ ਆਪਣੇ ਘਰ ਦੀ ਮਾਲਕੀ ਦੀ ਤਿਆਰੀ ਕਰ ਰਹੇ ਹਨ। ਇਸ ਦਾ ਕਹਿਣਾ ਕਿ ਕੈਨੇਡੀਅਨ ਜਨਰੇਸ਼ਨ ਜ਼ੈੱਡ ਬਾਲਗਾਂ ਜਿਨ੍ਹਾਂ ਵਿਚ 18 ਤੋਂ 28 ਸਾਲ ਤਕ ਉਮਰ ਦੀ ਲੋਕ ਸ਼ਾਮਿਲ ਹਨ ਵਿਚੋਂ 37 ਫ਼ੀਸਦੀ ਸ਼ਹਿਰੀ ਇਲਾਕਿਆਂ ਵਿਚ ਰਹਿੰਦੇ ਹਨ ਅਤੇ ਉਹ ਆਸ ਕਰਦੇ ਹਨ ਕਿ ਉਹ ਪੰਜ ਸਾਲ ਤੋਂ ਘੱਟ ਸਮੇਂ ਵਿਚ ਆਪਣਾ ਪਹਿਲਾ ਖਰੀਦਣ ਦੇ ਯੋਗ ਹੋ ਜਾਣਗੇ। ਇਥੋਂ ਤਕ ਵੈਨਕੂਵਰ ਦੇ ਮਹਿੰਗੀ ਅਤੇ ਚੁਣੌਤੀ ਵਾਲੀ ਰੀਅਲ ਅਸਟੇਟ ਮਾਰਕੀਟ ਵਿਚ ਇਹ ਪ੍ਰਤੀਸ਼ਤਤਾ ਥੋੜੀ ਘੱਟ 36 ਫ਼ੀਸਦੀ ਹੈ। ਜਿਨ੍ਹਾਂ ਵਿਅਕਤੀਆਂ 'ਤੇ ਸਰਵੇਖਣ ਕੀਤਾ ਗਿਆ ਉਨ੍ਹਾਂ ਵਿਚੋਂ 43 ਫ਼ੀਸਦੀ ਆਸ ਕਰਦੇ ਹਨ ਕਿ ਉਹ ਪੰਜ ਤੋਂ 10 ਸਾਲ ਵਿਚ ਘਰ ਖਰੀਦ ਲੈਣਗੇ। ਮਸਟਲ ਗਰੁੱਪ ਦੇ ਜਨਰਲ ਮੈਨੇਜਰ ਜੋਸ਼ ਓਨੀਲ ਨੇ ਇਕ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਹਰੇਕ ਲੰਘ ਰਹੇ ਸਾਲ ਨਾਲ ਜਨਰੇਸ਼ਨ ਜ਼ੈੱਡ ਦਾ ਪ੍ਰਭਾਵ ਵਧ ਰਿਹਾ ਹੈ ਅਤੇ ਕੈਨੇਡਾ ਦੀ ਰੀਅਲ ਅਸਟੇਟ ਮਾਰਕੀਟ 'ਤੇ ਉਨ੍ਹਾਂ ਦਾ ਕਾਫੀ ਪ੍ਰਭਾਵ ਹੋਵੇਗਾ। ਸਰਵੇਖਣ ਦੇ ਨਤੀਜਿਆਂ ਤੋਂ ਪਤਾ ਲਗਦਾ ਹੈ ਕਿ ਨੌਜਵਾਨ ਕੈਨੇਡੀਅਨਾਂ ਦਾ ਹਾਊਸਿੰਗ ਵਿਚ ਉੱਚ ਪੱਧਰ ਦਾ ਭਰੋਸਾ ਹੈ ਅਤੇ ਇਹ ਖੁਲਾਸਾ ਕਰ ਰਹੇ ਹਨ ਕਿ ਉਨ੍ਹਾਂ ਨੇ ਘਰ ਦੀ ਮਾਲਕੀ ਪ੍ਰਾਪਤ ਕਰਨ ਲਈ ਵਿੱਤੀ ਰੁਕਾਵਟਾਂ 'ਤੇ ਕਿਵੇਂ ਕਾਬੂ ਪਾਉਣਾ ਹੈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes



HUGHES & COMPANY
LAW CORPORATION

www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**





**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**





Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
**604-356-5555**

SUNNY SANGHA Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
**604-356-5555**



www.sunnysangha.com | info@sunnysangha.com

# ਆਪ ਦੇ ਆਮ ਉਮੀਦਵਾਰਾਂ ਨੇ ਸਿਆਸੀ ਧੁਰੰਤਰਾਂ ਨੂੰ ਚਿੱਤ ਕੀਤਾ



ਚਰਨਜੀਤ ਸਿੰਘ ਚੰਨੀ | ਪ੍ਰਕਾਸ਼ ਸਿੰਘ ਬਾਦਲ | ਕੈਪਟਨ ਅਮਰਿੰਦਰ ਸਿੰਘ | ਰਜਿੰਦਰ ਕੌਰ ਭੱਠਲ | ਸੁਖਬੀਰ ਸਿੰਘ ਬਾਦਲ | ਨਵਜੋਤ ਸਿੰਘ ਸਿੱਧੂ | ਬਿਕਰਮ ਸਿੰਘ ਮਜੀਠੀਆ | ਆਦੇਸ਼ ਪ੍ਰਤਾਪ ਸਿੰਘ ਕੈਰੋਂ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਚੋਣਾਂ ਦੇ ਅਸਲ ਨਾਇਕ ਉਹ ਹਨ, ਜਿਨ੍ਹਾਂ ਨੇ ਵੱਡੇ ਸਿਆਸੀ ਆਗੂਆਂ ਨੂੰ ਚਿੱਤ ਕੀਤਾ ਹੈ। ਇਹ ਸਭ ਅਣਜਾਣ ਚਿਹਰੇ ਹਨ ਅਤੇ ਉਨ੍ਹਾਂ ਨੇ ਰਾਜਸੀ ਪਿੜ ਵਿੱਚ ਪਹਿਲਾ ਪੈਰ ਰੱਖਿਆ ਹੈ, ਜੋ ਯਾਦਗਾਰੀ ਬਣ ਗਿਆ ਹੈ। ਹਲਕਾ ਭਦੌੜ ਤੋਂ ਦੋ ਕਮਰਿਆਂ ਦੇ ਘਰ ਦੇ ਬਾਸ਼ਿੰਦੇ 'ਆਪ' ਦੇ ਉਮੀਦਵਾਰ ਲਾਭ ਸਿੰਘ ਉੱਗੋਕੇ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾ ਦਿੱਤਾ ਹੈ। ਚੰਨੀ ਕੋਲ ਕਰੋੜਾਂ ਦੀ ਸੰਪਤੀ ਹੈ ਅਤੇ ਕਾਂਗਰਸ ਦੀ ਟੇਕ ਚੰਨੀ 'ਤੇ ਲੱਗੀ ਹੋਈ ਸੀ। ਰਾਖਵੇਂ ਹਲਕੇ ਦੇ ਪਿੰਡ ਉੱਗੋਕੇ ਦੇ ਲਾਭ ਸਿੰਘ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ।

ਹਲਕਾ ਲੰਬੀ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਸਮੁੱਚੇ ਪੰਜਾਬ ਦਾ ਸਿਆਸੀ ਭਰਮ ਤੋੜ ਦਿੱਤਾ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਪੰਜ ਦਫਾ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਅਤੇ ਸਭ ਤੋਂ ਵੱਡੀ ਉਮਰ ਦੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾ ਦਿੱਤਾ ਹੈ। ਫ਼ਖਰ-ਏ-ਕੌਮ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਜ਼ਿੰਦਗੀ ਦੇ ਆਖਰੀ ਮੋੜ 'ਤੇ ਹਾਰ ਝੱਲੀ ਪਾਉਣੀ ਪਈ ਹੈ। ਇਸ ਹਾਰ ਦੇ ਜ਼ਖ਼ਮ ਬਾਦਲ ਪਰਿਵਾਰ ਲਈ ਹਮੇਸ਼ਾ ਹਰੇ ਰਹਿਣਗੇ। ਪਹਿਲੀ ਦਫਾ ਹੈ ਕਿ ਹਲਕਾ ਲੰਬੀ ਤੋਂ ਬਾਦਲ ਪਰਿਵਾਰ ਦੇ ਪੈਰ ਉਖੜੇ ਹਨ। ਹਲਕਾ ਜਲਾਲਾਬਾਦ ਤੋਂ 'ਆਪ' ਉਮੀਦਵਾਰ ਜਗਦੀਪ ਕੰਬੋਜ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਹਰਾ ਕੇ ਸਾਬਤ ਕਰ ਦਿੱਤਾ ਹੈ ਕਿ ਨੇਤਾ ਲੋਕ ਬਣਾਉਂਦੇ ਹਨ।

ਹਲਕਾ ਬਠਿੰਡਾ ਸ਼ਹਿਰੀ ਤੋਂ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਉਸ 'ਆਪ' ਉਮੀਦਵਾਰ ਐਡਵੋਕੇਟ ਜਗਰੂਪ ਗਿੱਲ ਨੇ ਵੱਡੀ ਗਿਣਤੀ ਵੋਟਾਂ ਦੇ ਫਰਕ ਨਾਲ ਹਰਾਇਆ ਹੈ, ਜਿਨ੍ਹਾਂ ਨੂੰ ਵਿੱਤ ਮੰਤਰੀ ਨੇ ਨਗਰ ਨਿਗਮ ਬਠਿੰਡਾ ਦਾ ਮੇਅਰ ਨਾ ਬਣਾ ਕੇ ਸਿਆਸੀ ਜ਼ਲਾਲਤ ਦਿੱਤੀ ਸੀ। ਜਗਰੂਪ ਸਿੰਘ ਗਿੱਲ ਨੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਹਰਾ ਕੇ ਸਿੱਧ ਕੀਤਾ ਹੈ ਕਿ ਲੋਕ ਤਾਕਤ ਵੱਡੀ ਹੁੰਦੀ ਹੈ।

ਹਲਕਾ ਅੰਮ੍ਰਿਤਸਰ ਪੂਰਬੀ ਤੋਂ 'ਆਪ' ਉਮੀਦਵਾਰ ਜੀਵਨਜੋਤ ਕੌਰ ਅਜਿਹੀ ਨਾਇਕਾ ਬਣ ਗਈ ਹੈ, ਜਿਸ ਨੇ ਦੋ ਰਾਜਸੀ ਹਸਤੀਆਂ ਨੂੰ ਚਿੱਤ ਕੀਤਾ ਹੈ। ਜੀਵਨਜੀਤ ਕੌਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਰਾਇਆ ਹੈ। ਇਨ੍ਹਾਂ ਦੋਵੇਂ ਆਗੂਆਂ ਨੂੰ ਕਦੇ ਹਾਰ ਦਾ ਮੂੰਹ ਨਹੀਂ ਦੇਖਣਾ ਪਿਆ ਸੀ। ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੇ 2017 ਵਿੱਚ ਪਾਰਟੀ ਦੀ ਝੋਲੀ 77 ਸੀਟਾਂ ਪਾਈਆਂ ਸਨ, ਹੁਣ 'ਆਪ' ਉਮੀਦਵਾਰ ਅਜੀਤਪਾਲ ਸਿੰਘ ਕੋਹਲੀ ਤੋਂ ਚੋਣ ਹਾਰ ਗਏ ਹਨ। ਉਮੀਦਵਾਰ ਕੋਹਲੀ ਨੇ ਮਹਾਰਾਜੇ ਨੂੰ ਹਰਾ ਕੇ ਦਰਸਾ ਦਿੱਤਾ ਹੈ ਕਿ ਅਸਲ ਨਾਇਕ ਹੁਣ ਉਹ ਹਨ। ਅਮਰਿੰਦਰ ਸਿੰਘ ਦੋ ਵਾਰ ਮੁੱਖ ਮੰਤਰੀ ਰਹੇ ਹਨ ਅਤੇ ਉਨ੍ਹਾਂ ਨੂੰ ਜੀਵਨ ਦੇ ਇਸ ਮੋੜ 'ਤੇ ਆਪਣੇ ਜੱਦੀ ਹਲਕੇ ਤੋਂ ਹਾਰ ਦੇਖਣੀ ਪਈ ਹੈ। ਅਮਰਿੰਦਰ ਸਿੰਘ ਦੀ ਹਾਰ ਤੋਂ ਇਹ ਗੱਲ ਉਭਰੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਲੋਕਾਂ ਦੇ ਦਿਲਾਂ ਦੇ ਮਹਾਰਾਜਾ ਨਹੀਂ ਰਹੇ ਹਨ। ਹਲਕਾ ਲਹਿਰਾਗਾਗਾ ਤੋਂ ਬਰਿੰਦਰ ਕੁਮਾਰ ਗੋਇਲ ਵੀ ਵੱਡੇ ਨਾਇਕ ਬਣੇ ਹਨ, ਜਿਨ੍ਹਾਂ ਨੇ ਇੱਕ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਹਰਾਇਆ ਹੈ। ਢੀਂਡਸਾ ਕਦੇ ਵੀ ਚੋਣ ਨਹੀਂ ਹਾਰੇ ਸਨ। ਹਲਕਾ ਪੱਟੀ ਵਿੱਚ 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੇ ਇੱਕ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜੋ ਕਿ ਬਾਦਲ ਪਰਿਵਾਰ ਦੇ ਜਵਾਈ ਹਨ, ਤੋਂ ਇਲਾਵਾ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੂੰ ਹਰਾ ਦਿੱਤਾ ਹੈ।

ਹਲਕਾ ਮੌੜ ਤੋਂ 'ਆਪ' ਉਮੀਦਵਾਰ ਸੁਖਬੀਰ ਸਿੰਘ ਮਾਈਸਰਖਾਨਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਗਮੀਤ ਸਿੰਘ ਬਰਾੜ ਨੂੰ ਹਰਾ ਦਿੱਤਾ ਹੈ। ਇਸੇ ਤਰ੍ਹਾਂ ਹਲਕਾ ਸਰਦੂਲਗੜ੍ਹ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਦੋ ਵੱਡੇ ਸਿਆਸੀ ਪਰਿਵਾਰਾਂ ਨੂੰ ਮਾਤ ਪਾਈ ਹੈ। ਇਸ ਉਮੀਦਵਾਰ ਨੇ ਅਕਾਲੀ ਦਲ ਦੇ ਵੱਡੇ ਨਾਮ ਬਲਵਿੰਦਰ ਸਿੰਘ ਭੂੰਦੜ ਦੇ ਲੜਕੇ ਅਤੇ ਕਾਂਗਰਸੀ ਆਗੂ ਅਜੀਤ ਇੰਦਰ ਸਿੰਘ ਮੋਫਰ ਦੇ ਲੜਕੇ ਨੂੰ ਹਰਾਇਆ ਹੈ।

ਹਲਕਾ ਸੰਗਰੂਰ ਤੋਂ ਆਮ ਘਰ ਦੀ ਕੁੜੀ 'ਆਪ' ਉਮੀਦਵਾਰ ਨਰਿੰਦਰ ਕੌਰ ਭਰਾਜ ਨੇ ਕਰੋੜਪਤੀ ਉਮੀਦਵਾਰਾਂ ਨੂੰ ਸਿਆਸੀ ਤੌਰ 'ਤੇ ਝਟਕਾ ਦੇ ਦਿੱਤਾ ਹੈ। ਨਰਿੰਦਰ ਕੌਰ ਦੇ ਆਪਣੇ ਨਾਮ 'ਤੇ ਨਾ ਘਰ ਹੈ ਅਤੇ ਨਾ ਹੀ ਕੋਈ ਜਾਇਦਾਦ। ਇਸ ਆਮ ਕੁੜੀ ਨੇ ਭਾਜਪਾ ਆਗੂ ਅਰਵਿੰਦ ਖੰਨਾ ਅਤੇ ਸਾਬਕਾ ਮੰਤਰੀ ਵਿਜੈਇੰਦਰ ਸਿੰਘ ਸਿੰਗਲਾ ਨੂੰ ਕੁਰਸੀ ਤੋਂ ਲਾਹ ਦਿੱਤਾ ਹੈ। ਬਾਲੀਵੁੱਡ ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਨੂੰ ਹਲਕਾ ਮੋਗਾ ਤੋਂ 'ਆਪ' ਉਮੀਦਵਾਰ ਡਾ. ਅਮਨਦੀਪ ਕੌਰ ਅਰੋੜਾ ਨੇ ਹਰਾ ਦਿੱਤਾ ਹੈ। ਹਲਕਾ ਮਾਨਸਾ ਤੋਂ ਸਿੱਧੂ ਮੂਸੇਵਾਲਾ ਜੋ ਗਾਇਕੀ ਦੇ ਖੇਤਰ ਵਿੱਚ ਕੌਮਾਂਤਰੀ ਨਾਮਣਾ ਰੱਖਦੇ ਹਨ, ਨੂੰ 'ਆਪ' ਉਮੀਦਵਾਰ ਡਾ. ਵਿਜੈ ਸਿੰਗਲਾ ਨੇ ਹਰਾ ਦਿੱਤਾ ਹੈ। ਇਨ੍ਹਾਂ ਸਾਰੇ ਉਮੀਦਵਾਰਾਂ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ ਅਤੇ ਇਨ੍ਹਾਂ ਸਭਨਾਂ ਦੇ ਪਹਿਲੀ ਦਫਾ ਚੋਣ ਲੜੀ ਹੈ।

ਮੋਰਿੰਡਾ-ਹਲਕਾ ਸ੍ਰੀ ਚਮਕੌਰ ਸਾਹਿਬ ਵਿੱਚ 'ਆਪ' ਦੇ ਉਮੀਦਵਾਰ ਡਾ. ਚਰਨਜੀਤ ਸਿੰਘ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 7000 ਤੋਂ ਵਧ ਵੋਟਾਂ ਦੇ ਫ਼ਰਕ ਨਾਲ ਹਰਾ ਦਿੱਤਾ। ਡਾ. ਚਰਨਜੀਤ ਸਿੰਘ ਨੂੰ 69,981 ਵੋਟਾਂ ਮਿਲੀਆਂ ਜਦਕਿ ਚੰਨੀ ਨੂੰ 62,148, ਅਕਾਲੀ ਦਲ (ਅੰਮ੍ਰਿਤਸਰ) ਦੇ ਲਖਬੀਰ ਸਿੰਘ ਨੂੰ 6,969, ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਹਰਮੋਹਣ ਸਿੰਘ ਸੰਧੂ ਨੂੰ 3,788 ਅਤੇ ਭਾਜਪਾ ਦੇ ਦਰਸ਼ਨ ਸਿੰਘ ਸ਼ਿਵਜੋਤ ਨੂੰ 2,494 ਵੋਟਾਂ ਮਿਲੀਆਂ। ਇਸ ਮੌਕੇ ਡਾ. ਚਰਨਜੀਤ ਸਿੰਘ ਨੇ ਪ੍ਰਮਾਤਮਾ ਅਤੇ ਸਮੂਹ ਵੋਟਰਾਂ ਤੇ ਸਪੋਰਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਆਪ' ਲੋਕਾਂ ਵੱਲੋਂ ਪ੍ਰਗਟਾਏ ਗਏ ਵਿਸ਼ਵਾਸ 'ਤੇ ਖ਼ਰਾ ਉਤਰੇਗੀ ਅਤੇ ਵਾਅਦੇ ਪੂਰੇ ਕਰਕੇ ਇੱਕ ਨਵਾਂ ਅਤੇ ਖ਼ੁਸ਼ਹਾਲ ਪੰਜਾਬ ਬਣਾਏਗੀ।



ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**

Google

**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY *(BY APPOINTMENT PLEASE)*
Email: cedric_hughes@hughesco.com

***AND*** *Service provided at Business Centres throughout the Fraser Valley and British Columbia.*

***Remote Location? No Problem. We will come to you !***

# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

**Email:safety@transourcefreightways.com**

# ਸਥਾਨਕ ਨੇਤਾਵਾਂ ਵਲੋਂ ਅਲਬਰਟਾ ਪੁਲਿਸ ਬਲ ਦੀਆਂ ਯੋਜਨਾਵਾਂ ਰੱਦ-ਮੁੱਦੇ ’ਤੇ ਰਾਇਸ਼ੁਮਾਰੀ ਦਾ ਦਿੱਤਾ ਸੁਝਾਅ

ਐਡਮਿੰਟਨ-ਸਥਾਨਕ ਨੇਤਾਵਾਂ ਦੇ ਇਕ ਗਰੁੱਪ ਨੇ ਬੇਨਤੀ ਕੀਤੀ ਹੈ ਕਿ ਅਲਬਰਟਾ ਵਾਸੀਆਂ ਨੂੰ ਇਕ ਰਾਇਸ਼ੁਮਾਰੀ ਵਿਚ ਵੋਟ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਕੀ ਆਰਸੀਐਮਪੀ ਦੀ ਥਾਂ ਸੂਬਾ ਪੁਲਿਸ ਫੋਰਸ ਨੂੰ ਬਦਲਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਅਲਬਰਟਾ ਮਿਉਂਸਪਲੀਟਜ਼ ਨੇ 34 ਦੇ ਮੁਕਾਬਲੇ 144 ਵੋਟਾਂ ਨਾਲ ਯੂਸੀਪੀ ਦੇ ਪ੍ਰਸਤਾਵਤ ਮਾਡਲਸ ਨੂੰ ਵੀ ਰੱਦ ਕਰ ਦਿੱਤਾ ਜਿਸ ’ਤੇ ਸਰਕਾਰ ਆਪਣੀ ਪੁਲਿਸ ਸਰਵਿਸ ਚਲਾਉਣ ’ਤੇ ਵਿਚਾਰ ਕਰ ਰਹੀ ਸੀ। ਪ੍ਰਧਾਨ ਕੈਥੀ ਹੈਰੋਨ ਨੇ ਕਿਹਾ ਕਿ ਸਾਡੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਜਾ ਰਿਹਾ। ਨਿਆਂ ਮੰਤਰਾਲੇ ਵਿਚ ਗੜਬੜ ਚਲ ਰਹੀ ਹੈ, ਇਸ ਲਈ ਸਾਨੂੰ ਨਹੀਂ ਪਤਾ ਕਿ ਕਿਸ ਨਾਲ ਗੱਲ ਕਰੀਏ। ਹੇਰੋਨ ਨੇ ਕਿਹਾ ਕਿ ਉਸ ਸਮੇਂ ਦੇ ਨਿਆਂ ਮੰਤਰੀ ਕੇਸੀ ਮਾਡੂ ਨੂੰ ਜਨਵਰੀ ਵਿਚ ਵਿਵਾਦ ਕਾਰਨ ਅਹੁਦੇ ਤੋਂ ਹਟਣ ਲਈ ਕਹੇ ਜਾਣ ਪਿੱਛੋਂ ਉਹ ਤੇ ਦੂਸਰੇ ਨੇਤਾ ਸਰਕਾਰ ਤੋਂ ਜਵਾਬ ਨਹੀਂ ਪ੍ਰਾਪਤ ਕਰ ਸਕੇ। ਹੁਣ ਅਪ੍ਰੈਲ ਵਿਚ ਉਸ ਦੀ ਨਵੇਂ ਮੰਤਰੀ ਟਾਇਲਰ ਸ਼ੈਂਡਰੋ ਨਾਲ ਮੀਟਿੰਗ ਹੈ। ਉਸ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਉਹ ਆਪਣੇ ਡਿਟੈਚਮੈਂਟ ਕਮਾਂਡਰ ਨੂੰ ਨਿਯੁਕਤ ਕਰ ਸਕੇਗੀ ਜਾਂ ਨਹੀਂ। ਉਸ ਨੂੰ ਨਹੀਂ ਪਤਾ ਕਿ ਉਹ ਭਾਈਚਾਰੇ ਦੀਆਂ ਸ਼ਿਕਾਇਤਾਂ ਨਾਲ ਨਜਿੱਠ ਸਕੇਗੀ ਜਾਂ ਨਹੀਂ। ਇਹ ਸਵਾਲ ਮਿਉਂਸਪਲਟੀਜ਼ ਲਈ ਸੱਚਮੁੱਚ ਮਹੱਤਵਪੂਰਣ ਹਨ ਅਤੇ ਉਨ੍ਹਾਂ ਦਾ ਜਵਾਬ ਨਹੀਂ ਦਿੱਤਾ ਜਾ ਰਿਹਾ।

## ਦੁਕਾਨ ਤੋਂ ਗਹਿਣੇ ਲੁੱਟਣ ਵਾਲੇ ਹਥਿਆਰਬੰਦ ਡਕੈਤਾਂ ਦੀ ਭਾਲ

ਐਡਮਿੰਟਨ-ਪੁਲਿਸ ਐਡਮਿੰਟਨ ਦੇ ਉੱਤਰ ਪੂਰਬ ਵਿਚ ਇਕ ਦੁਕਾਨ ਤੋਂ ਹਥਿਆਰਬੰਦ ਡਕੈਤੀ ਵਿਚ 10 ਹਜ਼ਾਰ ਡਾਲਰ ਦੇ ਗਹਿਣੇ ਚੋਰੀ ਕੀਤੇ ਜਾਣ ਪਿੱਛੋਂ ਦੋ ਵਿਅਕਤੀਆਂ ਦੀ ਤਲਾਸ਼ ਕਰ ਰਹੀ ਹੈ। 24 ਜਨਵਰੀ ਨੂੰ ਸ਼ਾਮ 7.40 ਵਜੇ ਇਕ ਮਰਦ ਤੇ ਇਕ ਔਰਤ 126 ਐਵੀਨਿਊ ਅਤੇ ਫੋਰਟ ਰੋਡ ’ਤੇ ਇਕ ਪਾਨਸ਼ਾਪ ਵਿਚ ਦਾਖਲ ਹੋਏ ਅਤੇ ਸਿੱਧੇ ਗਹਿਣਿਆਂ ਦੇ ਡਿਸਪਲੇ ਵਾਲੇ ਕਾਉਂਟਰ ਕੋਲ ਗਏ। ਵਿਅਕਤੀ ਨੇ ਕਥਿਤ ਰੂਪ ਵਿਚ ਬੰਦੂਕ ਕੱਢੀ ਅਤੇ ਡਿਸਪਲੇ ਕੇਸ ’ਤੇ ਮਾਰੀ ਜਿਸ ਨਾਲ ਉਹ ਟੁੱਟ ਗਿਆ। ਜੋੜਾ ਲਗਪਗ 10000 ਡਾਲਰ ਮੁੱਲ ਦੇ ਗਹਿਣੇ ਚੁੱਕ ਕੇ ਭੱਜ ਗਿਆ। ਈਪੀਐਸ ਰੌਬਰੀ ਸੈਕਸ਼ਨ ਨੇ ਡਕੈਤੀ ਦਾ ਇਸ ਆਸ ਨਾਲ ਵੀਡੀਓ ਜਾਰੀ ਕੀਤਾ ਕਿ ਕੋਈ ਨਾ ਕੋਈ ਜੋੜੇ ਨੂੰ ਪਛਾਣ ਲਵੇਗਾ।

## ਮੈਕਈਵਨ ਯੂਨੀਵਰਸਿਟੀ ਨੇ ਮਾਸਕ ਪਹਿਨਣ ਤੇ ਟੀਕਾਕਰਣ ਦੇ ਸਬੂਤ ਦੀਆਂ ਸ਼ਰਤਾਂ ਹਟਾਈਆਂ

ਐਡਮਿੰਟਨ-ਮੈਕਈਵਨ ਯੂਨੀਵਰਸਿਟੀ ਕੈਂਪਸ ਵਿਖੇ ਪੜ੍ਹਨ ਵਾਲੇ ਵਿਦਿਆਰਥੀਆਂ, ਸਟਾਫ ਤੇ ਵਿਜ਼ਟਰਸ ਨੂੰ ਹੁਣ ਮਾਸਕ ਪਹਿਨਣ ਦੀ ਲੋੜ ਨਹੀਂ। ਇਕ ਬਿਆਨ ਵਿਚ ਪ੍ਰਧਾਨ ਤੇ ਉਪ ਕੁਲਪਤੀ ਡਾ. ਐਨੇਟ ਟ੍ਰਿਮਬੀ ਨੇ ਕਿਹਾ ਕਿ ਸਾਡੇ ਕੈਂਪਸ ਵਿਚ ਮਾਸਕ ਪਹਿਨਣਾ ਲਾਜ਼ਮੀ ਨਹੀਂ ਰਿਹਾ। ਇਹ ਤਬਦੀਲੀ ਐਡਮਿੰਟਨ ਸਿਟੀ ਵਲੋਂ ਮਾਸਕ ਬਾਈਲਾਅ ਰੱਦ ਕਰਨ ਪਿੱਛੋਂ ਕੀਤੀ ਗਈ ਹੈ। ਫਿਰ ਵੀ ਮੈਕਈਵਨ ਲੋਕਾਂ ਨੂੰ ਸਿਫਾਰਸ਼ ਕਰਦੀ ਹੈ ਕਿ ਉਹ ਜ਼ਿਆਦਾ ਟਰੈਫਿਕ ਵਾਲੇ ਇਲਾਕਿਆਂ ਜਾਂ ਜਿਥੇ ਦੂਸਰੇ ਲੋਕਾਂ ਨਾਲ ਜ਼ਿਆਦਾ ਨੇੜਤਾ ਹੋਵੇ ਤਾਂ ਮਾਸਕ ਪਹਿਨਣ। ਟ੍ਰਿਮਬੀ ਮੁਤਾਬਿਕ ਬਹੁਗਿਣਤੀ ਕੈਂਪਸ ਕਮਿਊਨਿਟੀ ਨੇ ਸਕੂਲ ਦੇ ਟੀਕਾ ਆਦੇਸ਼ ਨੂੰ ਪੂਰਾ ਕਰ ਦਿੱਤਾ ਹੈ, ਸਿੱਟੇ ਵਜੋਂ ਵਿਦਿਆਰਥੀਆਂ, ਸਟਾਫ, ਮੁਲਾਜ਼ਮਾਂ ਤੇ ਵਿਜ਼ਟਰਸ ਨੂੰ ਟੀਕਾਕਰਣ ਦਾ ਸਬੂਤ ਮੁਹੱਈਆ ਕਰਨ ਜਾਂ ਰੈਪਿਡ ਟੈਸਟ ਨਤੀਜੇ ਦੀ ਲੋੜ ਨਹੀਂ।




# ਪ੍ਰੀਮੀਅਰ ਕੈਨੀ ਨਵੇਂ ਰੇਡੀਓ ਸ਼ੋਅ ’ਤੇ ਵੱਖ-ਵੱਖ ਮੁੱਦਿਆਂ ਤੇ ਵਿਸ਼ਿਆਂ ਬਾਰੇ ਲੋਕਾਂ ਦੇ ਸਵਾਲ ਸੁਣਨਗੇ

ਐਡਮਿੰਟਨ-ਅਲਬਰਟਾ ਦੇ ਪ੍ਰੀਮੀਅਰ ਛੇਤੀ ਹੀ ਐਡਮਿੰਟਨ ਤੇ ਕੈਲਗਰੀ ਵਿਚ ਪ੍ਰਸਾਰਤ ਕੀਤੇ ਜਾਣ ਵਾਲੇ ਨਵੇਂ ਰੇਡੀਓ ਸ਼ੋਅ ਦਾ



ਕੇਂਦਰ ਹੋਣਗੇ ਜਿਥੇ ਉਹ ਅਲਬਰਟਾ ਵਾਸੀਆਂ ਦੀ ਵੱਖ ਵੱਖ ਮੁੱਦਿਆਂ ਤੇ ਵਿਸ਼ਿਆਂ ਬਾਰੇ ਸਕਰੀਨ ਕੀਤੀਆਂ ਕਾਲਾਂ ਸੁਣਨਗੇ। ਜੈਸਨ ਕੈਨੀ ਨਾਲ ‘ਤੁਹਾਡਾ ਸੂਬਾ ਤੁਹਾਡਾ ਪ੍ਰੀਮੀਅਰ ਸ਼ੋਅ ਇਸ ਹਫ਼ਤੇ ਤੋਂ ਹਰੇਕ ਸ਼ਨੀਵਾਰ ਕੋਰਸ ਰੇਡੀਓ ਸਟੇਸ਼ਨ 630 ਸੀਐਚਈਡੀ ਅਤੇ 770 ਸੀਐਚਕਿਊਆਰ ’ਤੇ ਪ੍ਰਸਾਰਤ ਹੋਵੇਗਾ। ਪ੍ਰੀਮੀਅਰ ਦੀ ਬੁਲਾਰਨ ਕ੍ਰਿਸਟੀਨ ਮਾਈਟ ਨੇ ਕਿਹਾ ਕਿ ਇਹ ਧਿਆਨ ਵਿਚ ਰੱਖਣਾ ਮਹੱਤਵਪੂਰਣ ਹੈ ਕਿ ਸ਼ੋਅ ਪੇਡ ਪ੍ਰੋਗਰਾਮਿੰਗ ਨਹੀਂ ਪਰ ਕਿਹਾ ਕਿ ਕਰਦਾਤਾ ਸ਼ੋਅ ਦੇ ਪ੍ਰਚਾਰ ਲਈ ਇਸ਼ਤਿਹਾਰਾਂ ਦਾ ਭੁਗਤਾਨ ਕਰਨਗੇ। ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਦੀ ਲਾਗਤ ਕੀ ਹੋਵੇਗੀ। ਉਸ ਨੇ ਦੱਸਿਆ ਕਿ ਇਹ ਲਾਗਤ ਮੌਜੂਦਾ ਇਸ਼ਤਿਹਾਰ ਬਜਟ ਵਿਚੋਂ ਹੀ ਹੋਵੇਗੀ। ਕੋਰਸ ਰੇਡੀਓ ਦੇ ਇਕ ਅਧਿਕਾਰੀ ਨੇ ਕਿਹਾ ਕਿ ਇਹ ਸ਼ੋਅ ਅਲਬਰਟਾ ਵਾਸੀਆਂ ਨੂੰ ਉਨ੍ਹਾਂ ਦੇ ਸਵਾਲ ਸਿੱਧੇ ਪ੍ਰੀਮੀਅਰ ਕੋਲ ਲਿਜਾਣ ਦੀ ਸਮਰਥਾ ਦੇਣ ਦੀ ਲੰਬੇ ਸਮੇਂ ਦੀ ਪਰੰਪਰਾ ਨੂੰ ਨਵਿਆਵੇਗਾ ਪਰ ਇਕ ਕੈਲਗਰੀ ਦੇ ਰਾਜਸੀ ਵਿਗਿਆਨੀ ਨੇ ਕਿਹਾ ਕਿ ਉਹ 1960 ਦੇ ਦਹਾਕੇ ਤੋਂ ਇਸ ਤਰ੍ਹਾਂ ਦੀ ਕੋਈ ਵੀ ਗੱਲ ਯਾਦ ਨਹੀਂ ਕਰ ਸਕਦਾ।

## ਗੋਲੀਬਾਰੀ ’ਚ ਮਰੇ ਨਿਰਦੋਸ਼ ਲਈ ਸੈਕਿੰਡ ਡਿਗਰੀ ਕਤਲ ਦੇ ਦੋਸ਼ ਲਗਾਏ

ਵੈਨਕੂਵਰ-ਵੈਨਕੂਵਰ ਵਿਚ ਜਨਤਕ ਤੌਰ ’ਤੇ ਭਿਆਨਕ ਗੋਲੀਬਾਰੀ ਵਿਚ ਇਕ ਨਿਰਦੋਸ਼ ਕਿਸ਼ੋਰ ਦੇ ਮਾਰੇ ਜਾਣ ਤੋਂ ਚਾਰ ਸਾਲ ਤੋਂ ਵੀ ਵੱਧ ਸਮੇਂ ਪਿੱਛੋਂ ਇਕ ਵਿਅਕਤੀ ’ਤੇ ਸੈਕਿੰਡ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਕੇਨ ਕਾਰਟਰ ’ਤੇ ਇਕ ਕਿਸ਼ੋਰ ਤੇ ਇਕ ਕਥਿਤ ਗੈਂਗ ਮੈਂਬਰ ਦੀਆਂ ਮੌਤਾਂ ਵਿਚ ਸੈਕਿੰਡ ਡਿਗਰੀ ਦੇ ਦੋਸ਼ ਲਗਾਏ ਗਏ ਹਨ। 26 ਸਾਲਾ ਵਿਅਕਤੀ ’ਤੇ ਇਕ ਤੀਸਰੇ ਵਿਅਕਤੀ ’ਤੇ ਗੰਭੀਰ ਹਮਲਾ ਕਰਨ ਦਾ ਦੋਸ਼ ਵੀ ਲਗਾਇਆ ਜਿਹੜਾ ਬਹੁਤਾ ਜ਼ਖ਼ਮੀ ਨਹੀਂ ਸੀ ਹੋਇਆ। ਉਸ ’ਤੇ ਜ਼ਖ਼ਮੀ ਕਰਨ ਦੇ ਇਰਾਦੇ ਨਾਲ ਗੋਲੀ ਚਲਾਉਣ ਦਾ ਦੋਸ਼ ਵੀ ਲਗਾਇਆ ਗਿਆ ਹੈ। ਨਿਊਜ਼ ਰਿਲੀਜ਼ ਵਿਚ ਵੈਨਕੂਵਰ ਪੁਲਿਸ ਵਿਭਾਗ ਦੇ ਚੀਫ ਐਡਮ ਪਾਮਰ ਨੇ ਕਿਹਾ ਕਿ ਇਹ ਲੰਬੀ ਤੇ ਗੁੰਝਲਦਾਰ ਜਾਂਚ ਸੀ ਜਿਸ ਲਈ ਸਬੂਤ ਇਕੱਤਰ ਕਰਨ ਲਈ ਦੇਸ਼ ਭਰ ਵਿਚੋਂ ਵੀਪੀਡੀ ਦੇ ਬਹੁਤ ਹੀ ਤਜਰਬੇਕਾਰ ਹੋਮੀਸਾਈਡ ਜਾਂਚ ਅਧਿਕਾਰੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ।

## ਯੂਕਰੇਨੀ ਰਾਸ਼ਟਰਪਤੀ ਜ਼ੇਲੇਂਸਕੀ ਕੈਨੇਡੀਅਨ ਪਾਰਲੀਮੈਂਟ ਨੂੰ ਸੰਬੋਧਨ ਕਰਨਗੇ



ਓਟਵਾ-ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਕੈਨੇਡਾ ਦੀ ਪਾਰਲੀਮੈਂਟ ਨੂੰ ਸੰਬੋਧਨ ਕਰਨਗੇ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਰੂਸ ਖਿਲਾਫ ਜੰਗ ਲਈ ਯੂਕਰੇਨ ਨੂੰ ਹੋਰ ਹਥਿਆਰ ਦੇਣ ਦਾ ਵਾਅਦਾ ਕੀਤਾ ਹੈ। ਟਰੂਡੋ ਜਿਹੜੇ ਯੂਰਪ ਦੇ ਦੌਰੇ ਪਿੱਛੋਂ ਕੈਨੇਡਾ ਵਾਪਸ ਆ ਰਹੇ ਹਨ ਨੇ ਐਲਾਨ ਕੀਤਾ ਕਿ ਕੈਨੇਡਾ 50 ਮਿਲੀਅਨ ਡਾਲਰ ਦਾ ਸੈਨਿਕ ਸਾਜੋ ਸਾਮਾਨ ਯੂਕਰੇਨ ਨੂੰ ਭੇਜੇਗਾ। ਉਨ੍ਹਾਂ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਯੂਕਰੇਨ ’ਤੇ ਹਮਲਾ ਰੋਕਣ ਲਈ ਦੁਨੀਆਂ ਨੂੰ ਜ਼ਿਆਦਾ ਕੁਝ ਕਰਨ ਦੀ ਲੋੜ ਹੈ ਕਿਉਂਕਿ ਇਸ ਨਾਲ ਬਹੁਤ ਵੱਡਾ ਖ਼ਤਰਾ ਪੈਦਾ ਹੋ ਰਿਹਾ ਹੈ। ਮੌਜੂਦਾ ਸਮੇਂ ਕੈਨੇਡਾ ਦੇ ਹਾਊਸ ਆਫ ਕਾਮਨਜ਼ ਦਾ 21 ਮਾਰਚ ਤਕ ਕੋਈ ਇਜਲਾਸ ਨਹੀਂ ਅਤੇ ਇਸ ਬਾਰੇ ਸਹੀ ਵੇਰਵੇ ਨਹੀਂ ਦਿੱਤੇ ਗਏ ਕਿ ਜ਼ੇਲੇਂਸਕੀ ਐਮਪੀਜ਼ ਨੂੰ ਕਦੋਂ ਸੰਬੋਧਨ ਕਰਨਗੇ।






# ਅਕਾਲ ਅਕੈਡਮੀਆਂ ਦੇ ਬਾਨੀ, ਵਿਦਿਆ ਦਾਨੀ ਸੰਤ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੀ ਯਾਦ ਵਿਚ ਸਮਾਗਮ

ਸਰੀ-ਅਕਾਲ ਅਕੈਡਮੀ ਸਰੀ ਅਤੇ ਸਮੂਹ ਸੰਗਤ ਵਲੋਂ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਬੀਤੇ ਐਤਵਾਰ 6 ਮਾਰਚ ਨੂੰ, ਸ਼੍ਰੋਮਣੀ ਪੰਥ ਰਤਨ ਬਾਬਾ ਇਕਬਾਲ ਸਿੰਘ ਜੀ ਦੀ ਯਾਦ ਵਿਚ ਭਾਵਪੂਰਤ ਸ਼ਰਧਾਂਜਲੀ



ਸਮਾਗਮ ਹੋਏ। ਜਿਸ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਮਨਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸਤੋਂ ਬਾਅਦ ਭਾਈ ਅਵਤਾਰ ਸਿੰਘ ਗਿੱਲ ਵਲੋਂ ਬਾਬਾ ਇਕਬਾਲ ਸਿੰਘ ਜੀ ਦੀ ਜੀਵਨੀ ਸੰਗਤਾਂ ਨਾਲ ਸਾਂਝੀ ਕਰਦਿਆਂ ਦੱਸਿਆ ਕਿ, ਸੰਤ ਬਾਬਾ ਇਕਬਾਲ ਦੀ ਦਾ ਜਨਮ ੧੯੨੬ ਵਿੱਚ ਪਿੰਡ ਭਰਿਹਾਲ ਜਿਲਾ ਗੁਰਦਾਸਪੁਰ ਵਿੱਚ ਇੱਕ ਬਹੁਤ ਵੱਡੇ ਜਗੀਰਦਾਰ ਪ੍ਰਵਾਰ ਵਿੱਚ ਹੋਇਆ। ਆਪ ਜੀ ਨੇ ਐਮ ਐਸ ਸੀ ਐਗਰੀਕਲਚਰਲ ਲਾਹੌਰ ਯੂਨੀਵਰਸਿਟੀ ਤੋਂ ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਿਆਂ ਹੋਇਆਂ ਇਨ੍ਹਾਂ ਦਾ ਮੇਲ ਪ੍ਰਿਸੀਪਲ ਸੰਤ ਤੇਜਾ ਸਿੰਘ ਜੀ ਡਬਲ ਐਮ ਏ ਨਾਲ ਹੋਇਆ। ਅਤੇ ਆਪਣੇ ਗੁਰਭਾਈ ਡਾਕਟਰ ਖੇਮ ਸਿੰਘ ਗਿੱਲ(ਸਾਬਕਾ ਵਾਈਸ ਚਾਂਸਲਰ ਫਉ) ਨਾਲ ਮਹਾਪੁਰਸ਼ਾਂ ਦੀ ਸੰਗਤ ਦੀ ਪਾਰਸ ਛੋਹ ਨਾਲ ਸਿੱਖੀ ਸੇਵਾ ਨਾਮ ਬਾਣੀ ਨਾਲ ਜੁੜ ਗਏ। ਨਾਲ ਨਾਲ ਆਪਣੀ ਸਰਵਿਸ ਕੀਤੀ, ਡਾਇਰੈਕਟਰ ਆਫ ਐਗਰੀਕਲਚਰ ਹਿਮਾਚਲ ਤੋਂ ਰਿਟਾਇਰ ਹੋਣ ਮਗਰੋਂ ਸੰਤ ਬਾਬਾ ਅਤਰ ਸਿੰਘ ਜੀ ਅਤੇ ਉਨ੍ਹਾਂ ਦੇ ਅਨਿੰਨ ਸੇਵਕ ਪ੍ਰਿੰਸੀਪਲ ਸੰਤ ਬਾਬਾ ਤੇਜਾ ਸਿੰਘ ਜੀ ਡਬਲ ਐਮ ਏ, ਦੇ ਹੁਕਮਾਂ ਅਨੁਸਾਰ, ਹਿਮਾਚਲ ਪ੍ਰਦੇਸ਼ ਵਿੱਚ ਪਿੰਡ ਬੜੂ ਜਿਲਾ ਸਿਰਮੌਰ ਵਿੱਚ ੧੯੮੬ ਵਿੱਚ ਪਹਿਲੀ ਅਕਾਲ ਅਕੈਡਮੀ ਸਥਾਪਿਤ ਕੀਤੀ ਅਤੇ ਡਾ ਖੇਮ ਸਿੰਘ ਗਿੱਲ ਜੀ ਦੇ ਸਹਿਯੋਗ ਨਾਲ, ਵੈਲਿਊ ਬੇਸਡ ਐਜੂਕੇਸ਼ਨ ਦਾ ਇਨਕਲਾਬ ਲੈ ਕੇ ਆਏ, ਥੋੜ੍ਹੇ ਸਮੇਂ ਵਿੱਚ ਹੀ 129 ਅਕਾਲ ਅਕੈਡਮੀਆਂ, 2 ਅਕਾਲ ਯੂਨੀਵਰਸਿਟੀਆਂ ਅਕਾਲ ਹਸਪਤਾਲ ਦੀ ਸਥਾਪਨਾ ਕੀਤੀ।, ਬਾਬਾ ਜੀ ਪਿਛਲੇ ਦਿਨੀਂ ਜੀਵਨ ਯਾਤਰਾ ਸੰਪੂਰਨ ਕਰਦੇ ਹੋਏ 29 ਜਨਵਰੀ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸ ਸੰਗਤਾਂ ਦੇ ਭਰਪੂਰ ਇਕੱਠ ਨੂੰ ਸੰਬੋਧਨ ਕਰਦਿਆਂ, ਪ੍ਰਸਿੱਧ ਪੱਤਰਕਾਰ ਡਾ: ਗੁਰਵਿੰਦਰ ਸਿੰਘ ਧਾਰੀਵਾਲ, ਗੁਰਪ੍ਰੀਤ ਸਿੰਘ ਥਿੰਦ ਸਰੀ ਸਕੂਲ ਡਿਸਟ੍ਰਿਕ ਬੋਰਡ ਮੈਂਬਰ, ਅਤੇ ਸੁਖ ਧਾਲੀਵਾਲ ਮੈਂਬਰ ਪਾਰਲੀਮੈਂਟ ਵਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਸ: ਅੰਗਰੇਜ਼ ਸਿੰਘ ਥਿੰਦ ਜੋ ਐਡਮਿੰਟਨ ਤੋਂ ਉਚੇਚੇ ਤੌਰ ਤੇ ਹਾਜ਼ਰ ਹੋਏ ਉਨ੍ਹਾਂ ਬਾਬਾ ਜੀ ਦੇ ਜੀਵਨ ਨੂੰ ਦਰਸਾਉਂਦੀ ਢਾਢੀ ਵਾਰ ਗਾਈ। ਅਕਾਲ ਅਕੈਡਮੀ ਦੇ ਪ੍ਰੈਜੀਡੈਂਟ ਡਾ:ਪ੍ਰਗਟ ਸਿੰਘ ਭੁਰਜੀ ਵਲੋਂ ਬਾਬਾ ਜੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਅਖੀਰ ਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਵਲੋਂ ਵੀ ਬਾਬਾ ਜੀ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਹਰ ਸਾਲ ਯਾਦ ਮਨਾਉਣ ਨੂੰ ਕਿਹਾ।







ਵਰਕ ਬੀ ਸੀ ਲੋਕਾਂ ਨੂੰ ਮੌਕਿਆਂ ਨਾਲ ਜੋੜਦਾ ਹੈ। ਨੌਕਰੀ ਲੱਭਣ ਜਾਂ ਨਵੇਂ ਰੁਜ਼ਗਾਰ ਵਾਸਤੇ ਸਿਖਲਾਈ ਲਈ ਜਾਓ: **WorkBC.ca/FindYourPlace**

ਇਸ ਤੋਂ ਇਲਾਵਾ ਆਪਣੇ ਸਥਾਨਕ ਵਰਕ ਬੀ ਸੀ ਸੈਂਟਰ ਤੋਂ ਨੌਕਰੀ ਲਈ ਵਿਅਕਤੀਗਤ ਸਹਿਯੋਗ ਪ੍ਰਾਪਤ ਕਰੋ।

BRITISH COLUMBIA | WorkBC

ਬੀ.ਸੀ. ਵਿੱਚ ਕੋਵਿਡ-19

ਆਪਣੀ ਇਮਿਊਨਿਟੀ ਅਤੇ ਆਪਣੀ ਕਮਿਊਨਟੀ ਨੂੰ ਮਜ਼ਬੂਤ ਕਰੋ।

ਆਪਣਾ ਬੂਸਟਰ ਟੀਕਾ ਲਗਵਾ ਕੇ ਕੋਵਿਡ-19 ਤੋਂ ਆਪਣੇ ਆਪ ਨੂੰ, ਆਪਣੇ ਪਰਿਵਾਰ, ਸਹਿਕਰਮੀਆਂ ਅਤੇ ਆਪਣੀ ਕਮਿਊਨਟੀ ਦੇ ਲੋਕਾਂ ਨੂੰ ਬਚਾਉਣ ਵਿੱਚ ਮਦਦ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਰਹੋ। ਬੂਸਟਰ ਕੰਮ ਕਰਦੇ ਹਨ - ਇਹ ਇਨਫੈਕਸ਼ਨ ਦੀ ਗੰਭੀਰਤਾ ਨੂੰ ਘਟਾ ਕੇ ਤੁਹਾਡੀ ਇਮਿਊਨਿਟੀ ਨੂੰ ਵਧਾਉਂਦੇ ਹਨ।

ਆਪਣਾ ਬੂਸਟਰ ਟੀਕਾ ਲਗਵਾਓ

ਜੇ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

ਆਪਣੇ ਬੱਚਿਆਂ ਦਾ ਟੀਕਾਕਰਣ ਕਰਵਾਓ।

ਹੋਰ ਜਾਣੋ:
gov.bc.ca/covid-19


BRITISH COLUMBIA

# ਗਾਇਕ ਬਲਕਾਰ ਸਿੱਧੂ ਨੇ ਮਲੂਕਾ ਤੇ ਕਾਂਗੜ ਨੂੰ ਹਰਾਇਆ



ਬਠਿੰਡਾ-ਰਾਮਪੁਰਾ ਫੂਲ ਹਲਕੇ 'ਚ 'ਆਪ' ਉਮੀਦਵਾਰ ਪੰਜਾਬੀ ਗਾਇਕ ਬਲਕਾਰ ਸਿੱਧੂ ਨੇ ਦੋ ਸਿਆਸੀ ਧੁਨੰਤਰਾਂ ਨੂੰ ਸਿਕਸ਼ਤ ਦੇ ਕੇ ਆਪਣੀ ਜਿੱਤ ਦਾ ਲੋਹਾ ਮੰਨਵਾਇਆ ਹੈ। ਬਲਕਾਰ ਸਿੱਧੂ ਨੇ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਤੇ ਸਾਬਕਾ ਮੰਤਰੀ ਸਿਕੰਦਰ ਸਿਘ ਮਲੂਕਾ ਨੂੰ 10,410 ਵੋਟਾਂ ਦੇ ਫ਼ਰਕ ਨਾਲ ਹਰਾਇਆ। ਬਲਕਾਰ ਸਿੱਧੂ ਨੂੰ 56,155 ਵੋਟਾਂ ਤੇ ਸਿਕੰਦਰ ਸਿੰਘ ਮਲੂਕਾ ਨੂੰ 45,386 ਵੋਟਾਂ ਮਿਲੀਆਂ। ਇਸੇ ਹਲਕੇ 'ਚ ਕਾਂਗਰਸ ਦੇ ਉਮੀਦਵਾਰ ਤੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੂੰ 28,185 ਵੋਟਾਂ ਪਈਆਂ।

# ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗਨੀਵ ਕੌਰ ਨੇ ਚੋਣ ਜਿੱਤੀ



ਵਿਧਾਨ ਸਭਾ ਹਲਕਾ ਮਜੀਠਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਗਨੀਵ ਕੌਰ ਮਜੀਠੀਆ ਨੇ 'ਆਪ' ਉਮੀਦਵਾਰ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਨੂੰ ਹਰਾਇਆ ਹੈ, ਜਦਕਿ ਕਾਂਗਰਸੀ ਉਮੀਦਵਾਰ ਜੱਗਾ ਮਜੀਠੀਆ ਤੀਜੇ ਸਥਾਨ 'ਤੇ ਰਹੇ ਹਨ। ਅੰਮ੍ਰਿਤਸਰ ਦੀਆਂ 9 ਵਿਧਾਨ ਸਭਾ ਸੀਟਾਂ 'ਚੋਂ ਅਕਾਲੀ ਦਲ ਸਿਰਫ ਮਜੀਠਾ ਹਲਕੇ ਤੋਂ ਹੀ ਜਿੱਤ ਸਕਿਆ ਹੈ। ਮਜੀਠਾ ਹਲਕੇ ਤੋਂ ਅਕਾਲੀ ਉਮੀਦਵਾਰ ਨੂੰ 57,027 ਵੋਟਾਂ ਮਿਲੀਆਂ ਜੋ ਕਿ ਕੁੱਲ ਵੋਟਾਂ ਦਾ 25.35 ਪ੍ਰਤੀਸ਼ਤ ਹੈ। ਇਥੋਂ ਤਿੰਨ ਵਾਰ ਬਿਕਰਮ ਮਜੀਠੀਆ ਵਿਧਾਇਕ ਚੁਣੇ ਗਏ ਸਨ ਅਤੇ ਹੁਣ ਚੌਥੀ ਉਨ੍ਹਾਂ ਦੀ ਪਤਨੀ ਚੁਣੀ ਗਈ ਹੈ।

# ਆਪ ਦੀ ਭਰਾਜ ਨੇ ਸਿੰਗਲਾ ਤੇ ਅਰਵਿੰਦ ਖੰਨਾ ਨੂੰ ਮਾਤ ਦਿੱਤੀ



ਸੰਗਰੂਰ-ਸੰਗਰੂਰ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਨਰਿੰਦਰ ਕੌਰ ਭਰਾਜ ਨੇ ਆਪਣੇ ਵਿਰੋਧੀ ਕਾਂਗਰਸ ਪਾਰਟੀ ਦੇ ਵਿਜੈਇੰਦਰ ਸਿੰਗਲਾ ਅਤੇ ਭਾਜਪਾ ਦੇ ਅਰਵਿੰਦ ਖੰਨਾ ਵਰਗੇ ਵੱਡੇ ਉਮੀਦਵਾਰਾਂ ਨੂੰ ਵੱਡੇ ਫ਼ਰਕ ਨਾਲ ਹਰਾ ਕੇ ਚੋਣ ਜਿੱਤੀ ਹੈ। ਨਰਿੰਦਰ ਕੌਰ ਭਰਾਜ ਨੂੰ 74,851 ਵੋਟਾਂ ਪ੍ਰਾਪਤ ਹੋਈਆਂ ਹਨ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਵਿਜੈਇੰਦਰ ਸਿੰਗਲਾ ਨੂੰ 38,421 ਅਤੇ ਅਰਵਿੰਦ ਖੰਨਾ ਨੂੰ 13,766 ਵੋਟਾਂ ਅਤੇ ਅਕਾਲੀ-ਬਸਪਾ ਉਮੀਦਵਾਰ ਵਿਨਰਜੀਤ ਸਿੰਘ ਗੋਲਡੀ ਨੂੰ 10,488 ਵੋਟਾਂ ਹੀ ਮਿਲੀਆਂ ਹਨ। ਇਸ ਤਰ੍ਹਾਂ ਨਰਿੰਦਰ ਕੌਰ ਭਰਾਜ ਨੇ ਇਹ ਚੋਣ 36430 ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ। ਨਰਿੰਦਰ ਕੌਰ ਪਿੰਡ ਭਰਾਜ ਦੇ ਇੱਕ ਸਾਧਾਰਨ ਕਿਸਾਨ ਪਰਿਵਾਰ ਦੀ ਇਕਲੌਤੀ ਧੀ ਹੈ, ਜੋ ਕਿ 27 ਸਾਲ ਦੀ ਛੋਟੀ ਉਮਰ ਵਿੱਚ ਪਲੇਠੀ ਚੋਣ ਜਿੱਤ ਕੇ ਵਿਧਾਇਕ ਬਣੀ ਹੈ ਅਤੇ ਵੱਡੇ ਸਿਆਸੀ ਉਮੀਦਵਾਰਾਂ ਨੂੰ ਹਰਾਉਣ ਵਿੱਚ ਸਫ਼ਲ ਹੋਈ ਹੈ।

# ਰਾਜਾ ਵੜਿੰਗ ਸੀਟ ਜਿੱਤਣ ਵਿਚ ਕਾਮਯਾਬ ਰਹੇ



ਗਿੱਦੜਬਾਹਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ 1309 ਵੋਟਾਂ ਨਾਲ ਜੇਤੂ ਰਹੇ। ਉਨ੍ਹਾਂ ਨੇ ਅਕਾਲੀ ਦਲ ਦੇ ਹਰਦੀਪ ਸਿੰਘ ਢਿੱਲੋਂ ਨੂੰ ਹਰਾਇਆ।



# ਬਿਕਰਮ ਮਜੀਠੀਆ ਨੂੰ 22 ਮਾਰਚ ਤੱਕ ਜੇਲ ਭੇਜਿਆ

ਮੁਹਾਲੀ-ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦੇ ਮਾਮਲੇ ਵਿੱਚ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਮਜੀਠੀਆ ਨੂੰ 22 ਮਾਰਚ ਤੱਕ ਨਿਆਂਇਕ ਹਿਰਾਸਤ ਵਿੱਚ ਭੇਜਣ ਦੇ ਹੁਕਮ ਦਿੱਤੇ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਉਹ ਕਾਨੂੰਨੀ ਪ੍ਰਕਿਰਿਆ ਨੂੰ ਸਮਰਪਿਤ ਹਨ। ਉਨ੍ਹਾਂ ਕਿਹਾ ਕਿ ਸਰਕਾਰ ਉਨ੍ਹਾਂ ਦਾ ਹੌਸਲਾ ਨਹੀਂ ਤੋੜ ਸਕਦੀ।

# ਪ੍ਰਿੰਸੀਪਲ ਪਰਮਿੰਦਰ ਕੌਰ ਖਹਿਰਾ ਦੀ ਕਾਵਿ-ਪੁਸਤਕ 'ਬਾਗੀ ਦਾਸਤਾਨ' ਲੋਕ ਅਰਪਨ

## ਸ਼੍ਰੋਮਣੀ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ,ਇਨਕਲਾਬੀ ਸ਼ਾਇਰ ਜਗਦੇਵ ਸਿੰਘ ਲਲਤੋਂ ਅਤੇ ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ 'ਚੋਹਲਾ' ਨੇ ਨਿਭਾਈ ਰਸਮ

ਤਰਨਤਾਰਨ-ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਵਿਖੇ ਪ੍ਰਿੰਸੀਪਲ ਪਰਮਿੰਦਰ ਕੌਰ ਖਹਿਰਾ ਦੀ ਕਾਵਿ-ਪੁਸਤਕ 'ਬਾਗੀ ਦਾਸਤਾਨ' ਲੋਕ ਅਰਪਨ ਕੀਤੀ ਗਈ।ਲੋਕ ਅਰਪਨ ਦੀ ਰਸਮ ਨਾਮਵਰ ਸ਼ਾਇਰ ਅਤੇ ਸ਼੍ਰੋਮਣੀ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ,ਇਨਕਲਾਬੀ ਸ਼ਾਇਰ ਜਗਦੇਵ ਸਿੰਘ ਲਲਤੋਂ,ਕੈਨੇਡਾ ਤੋਂ ਛਪਦੇ 'ਦੇਸ ਪ੍ਰਦੇਸ ਟਾਈਮਜ਼' ਅਖ਼ਬਾਰ ਦੇ ਸੰਪਾਦਕ ਅਤੇ ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ'ਚੋਹਲਾ',ਪ੍ਰਿੰਸੀਪਲ ਡਾ.ਕੁਲਵਿੰਦਰ ਸਿੰਘ,ਡੀਆਰ ਤਰਲੋਚਨ ਸਿੰਘ,ਰਵੀ ਇੰਦਰ ਸਿੰਘ ਸਭਰਾਅ, ਪ੍ਰਿੰਸੀਪਲ ਪਰਮਿੰਦਰ ਕੌਰ ਖਹਿਰਾ ਦੇ ਮਾਤਾ ਜੀ ਹਰਜੀਤ ਕੌਰ ਸੰਧੂ ਵਲੋਂ ਨਿਭਾਈ ਗਈ।ਇਸ ਮੌਕੇ ਬੋਲਦਿਆਂ ਸ਼ਾਇਰ ਜਗਦੇਵ ਸਿੰਘ ਲਲਤੋਂ ਨੇ ਕਿਹਾ ਕਿ ਪਰਮਿੰਦਰ ਕੌਰ ਖਹਿਰਾ ਬਾਗੀ ਸੁਰਾਂ ਦੀ ਧਾਰਨੀ ਹੈ ਅਤੇ ਇਸਦੀ ਕਵਿਤਾ ਵਿੱਚ ਇਸ ਗਲੇ-ਸੜੇ ਨਿਜ਼ਾਮ ਦੇ ਵਿਰੁੱਧ ਅੰਤਾਂ ਦਾ ਰੋਹ ਹੈ ਅਤੇ ਇਸਨੂੰ ਬਦਲਣ ਲਈ ਬਗ਼ਾਵਤ ਦਾ ਹੋਕਾ ਹੈ।ਸ਼੍ਰੋਮਣੀ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ ਨੇ ਕਿਹਾ ਕਿ ਸ਼ਾਇਰਾ ਪਰਮਿੰਦਰ ਕੌਰ ਖਹਿਰਾ ਦੀ ਕਵਿਤਾ ਮਲਕ ਭਾਗੋਆਂ ਦੇ ਵਿਰੁੱਧ ਲਾਲੋਆਂ ਦੇ ਹੱਕ ਵਿੱਚ ਡਟਕੇ ਭੁਗਤਦੀ ਹੈ। ਸੀਨੀਅਰ ਪੱਤਰਕਾਰ ਅਤੇ ਕੈਨੇਡਾ ਤੋਂ ਛਪਦੇ 'ਦੇਸ ਪ੍ਰਦੇਸ ਟਾਈਮਜ਼' ਅਖ਼ਬਾਰ ਦੇ ਸੰਪਾਦਕ ਸੁਖਵਿੰਦਰ ਸਿੰਘ'ਚੋਹਲਾ' ਨੇ ਪ੍ਰਿੰਸੀਪਲ ਪਰਮਿੰਦਰ ਕੌਰ ਖਹਿਰਾ ਨੂੰ ਉਨ੍ਹਾਂ ਦੀ ਪਲੇਠੀ ਕਾਵਿ-ਪੁਸਤਕ 'ਬਾਗੀ ਦਾਸਤਾਨ' ਦੀ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਵਿੱਚ ਹੋਰ ਵੀ ਅੱਗੇ ਵਧਣ ਦੀ ਕਾਮਨਾ ਕੀਤੀ।ਪ੍ਰਿੰਸੀਪਲ ਡਾ.ਕੁਲਵਿੰਦਰ ਸਿੰਘ ਨੇ ਆਪਣੀ ਭਾਵਪੂਰਤ ਤਕਰੀਰ ਵਿੱਚ ਗੁਰੂ ਨਾਨਕ ਦੇਵ ਜੀ ਵਲੋਂ ਔਰਤ ਦੇ ਹੱਕ 'ਚ ਬੁਲੰਦ ਕੀਤੀ ਗਈ ਆਵਾਜ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਵੀ ਜੱਗ-ਜਣਨੀ ਪੂਰੀ ਤਰ੍ਹਾਂ ਮੁਕਤ ਨਹੀਂ ਹੋਈ। ਸ਼ਾਇਰਾ ਪਰਮਿੰਦਰ ਕੌਰ ਖਹਿਰਾ ਨੇ ਆਪਣੀ ਪੁਸਤਕ ਦੀ ਜਾਣ-ਪਹਿਚਾਣ ਕਰਾਉਂਦੇ ਹੋਏ ਕਿਹਾ ਕਿ ਇਹ ਕਾਵਿ-ਪੁਸਤਕ ਮਹਿਜ਼ ਇੱਕ ਕਵਿਤਾ ਹੀ ਨਹੀਂ ਸਗੋਂ ਮੇਰੇ ਸਮੁੱਚੀ ਜ਼ਿੰਦਗੀ ਦੇ ਹੰਢਾਏ ਹੋਏ ਪਲਾਂ ਦੀ ਹੂ-ਬ-ਹੂ ਤਸਵੀਰ ਹੈ।ਉਹਨਾਂ ਨੇ ਸਾਹਿਤ ਪ੍ਰਤੀ ਆਪਣੀ ਵਚਨਬੱਧਤਾ ਦਾ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੀ ਕਲਮ ਹਮੇਸ਼ਾ ਲੋਕ-ਪੀੜਾ ਦੀ ਬਾਤ ਪਾਉਂਦੀ ਰਹੇਗੀ।ਇਸ ਮੌਕੇ ਮੈਡਮ ਸੰਦੀਪ ਕੌਰ ਨੇ ਪ੍ਰਿੰਸੀਪਲ ਪਰਮਿੰਦਰ ਕੌਰ ਖਹਿਰਾ ਦੀਆਂ ਲਿਖੀਆਂ ਕਵਿਤਾਵਾਂ ਨੂੰ ਪੇਸ਼ ਕਰਕੇ ਸਰੋਤਿਆਂ ਨੂੰ ਜਜ਼ਬਾਤੀ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨੂਪਿੰਦਰ ਸਿੰਘ,ਮਾਸਟਰ ਦਲਬੀਰ ਸਿੰਘ ਚੰਬਾ,ਮਾਸਟਰ ਗੁਰਨਾਮ ਸਿੰਘ ਧੁੰਨ,ਮਾਸਟਰ ਬਲਬੀਰ ਸਿੰਘ, ਪ੍ਰੋਫੈਸਰ ਹਿੰਮਤ ਸਿੰਘ,ਪਵਿੱਤਰਬੀਰ ਸਿੰਘ ਗੰਡੀਵਿੰਡ,ਪੱਤਰਕਾਰ ਬਲਵਿੰਦਰ ਸਿੰਘ, ਪੱਤਰਕਾਰ ਰਾਕੇਸ਼ ਨਈਅਰ,ਪਰਮਿੰਦਰ ਸਿੰਘ ਚੋਹਲਾ,ਨਿਰਮਲ ਸਿੰਘ, ਤੇਜਿੰਦਰ ਸਿੰਘ,ਡਾ.ਜਗਰੂਪ ਸਿੰਘ,ਪ੍ਰਭਜੀਤ ਸਿੰਘ,ਕਮਲਜੀਤ ਸਿੰਘ ਰੰਧਾਵਾ,ਗੁਰਿੰਦਰ ਸਿੰਘ,ਮੈਡਮ ਸਿਮਰਜੀਤ ਕੌਰ,ਪਰਮਿੰਦਰ ਸਿੰਘ ਕੈਰੋਂ ਵਿਸ਼ੇਸ਼ ਰੂਪ 'ਚ ਹਾਜ਼ਰ ਹੋਏ।ਸਟੇਜ ਸਕੱਤਰ ਦੀ ਭੂਮਿਕਾ ਸੀਨੀਅਰ ਪੱਤਰਕਾਰ ਬਲਬੀਰ ਸਿੰਘ ਪਰਵਾਨਾ ਵਲੋਂ ਬਾਖੂਬੀ ਨਿਭਾਈ ਗਈ।



ਪ੍ਰਿੰਸੀਪਲ ਪਰਮਿੰਦਰ ਕੌਰ ਖਹਿਰਾ ਦੀ ਕਾਵਿ-ਪੁਸਤਕ 'ਬਾਗੀ ਦਾਸਤਾਨ' ਲੋਕ ਅਰਪਨ ਕਰਦੇ ਹੋਏ ਸ਼੍ਰੋਮਣੀ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ, ਜਗਦੇਵ ਸਿੰਘ ਲਲਤੋਂ, ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ 'ਚੋਹਲਾ' ਤੇ ਹੋਰ।


## ਚਾਕੂ ਹਮਲੇ ਦੇ ਪੀੜਤ ਦੇ ਬਚਾਅ ਲਈ ਦੋ ਕਿਸ਼ੋਰ ਲੜਕੀਆਂ ਦੇ ਹੌਂਸਲੇ ਦੀ ਸ਼ਲਾਘਾ

ਸਰੀ-ਬਰਨਬੀ ਵਿਚ ਚਾਕੂ ਹਮਲੇ ਦੇ ਸ਼ਿਕਾਰ ਵਿਅਕਤੀ ਦੇ ਬਚਾਅ ਲਈ ਅੱਗੇ ਆਉਣ ਪਿੱਛੋਂ ਦੋ ਕਿਸ਼ੋਰ ਲੜਕੀਆਂ ਦੀ ਉਨ੍ਹਾਂ ਦੀ ਬਹਾਦਰੀ ਅਤੇ ਤੇਜ਼ੀ ਨਾਲ ਸੋਚਣ ਬਦਲੇ ਸ਼ਲਾਘਾ ਕੀਤੀ ਜਾ ਰਹੀ ਹੈ। ਹਿੰਸਾ ਮੰਗਲਵਾਰ ਸ਼ਾਮ 5.30 ਵਜੇ ਤੋਂ ਥੋੜਾ ਪਹਿਲਾਂ ਐਡਮੌਂਡਸ ਸਟਰੀਟ ਅਤੇ ਕਿੰਗਸਵੇਅ ਨੇੜੇ ਵੇਵਜ਼ ਕੌਫੀ ਹਾਊਸ ਦੇ ਬਾਹਰ ਵਾਪਰੀ ਸੀ। ਲਿੰਡਸੇ ਹੋਫਮੈਨ ਜਦੋਂ ਅੰਦਰ ਕੌਫੀ ਦਾ ਆਰਡਰ ਦੇ ਰਹੀ ਸੀ ਤਾਂ ਉਸ ਨੇ ਰੌਲਾ ਰੱਪਾ ਸੁਣਿਆਂ। 17 ਸਾਲਾ ਹੋਫਮੈਨ ਨੇ ਦੱਸਿਆ ਕਿ ਉਸ ਨੇ ਇਕ ਜੋੜੇ ਤੇ ਇਕ ਬੁਰੀ ਤਰ੍ਹਾਂ ਜ਼ਖ਼ਮੀ ਵਿਅਕਤੀ ਵਿਚਕਾਰ ਰੌਲਾ ਰੱਪਾ ਤੇ ਲੜਾਈ ਸੁਣੀ। ਉਸ ਨੇ ਉਸ ਨੂੰ ਕੁੱਟਣ ਵਾਲੇ ਵਿਅਕਤੀ ਨੂੰ ਫੜ ਲਿਆ ਅਤੇ ਉਸ ਨੇ ਮੇਰੇ ਪ੍ਰਤੀ ਕੋਈ ਗੁੱਸਾ ਨਹੀਂ ਦਿਖਾਇਆ। ਆਦਮੀ ਤੇ ਔਰਤ ਤੁਰੰਤ ਉਠ ਕੇ ਚਲੇ ਗਏ। ਉਸ ਨੇ ਆਪਣੀ ਸਹੇਲੀ ਅਤੇ ਕੌਫੀ ਸ਼ਾਪ ਦੇ ਇਕ ਮੁਲਾਜ਼ਮ ਨੂੰ ਨਾਲ ਲੈ ਕੇ ਵਿਅਕਤੀ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੀ ਦੋਸਤ ਮੋਰਗਨ ਅਲਬ੍ਰਾਇਟਨ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਵਿਅਕਤੀ ਦਾ ਜ਼ਖ਼ਮ ਕੱਪੜੇ ਨਾਲ ਢੱਕ ਦਿੱਤਾ। ਦੋਵਾਂ ਨੇ ਕਿਹਾ ਕਿ ਉਹ ਡਰ ਗਈਆਂ ਸਨ ਪਰ ਪਤਾ ਸੀ ਉਨ੍ਹਾਂ ਨੇ ਮਦਦ ਕਰਨੀ ਹੈ ਕਿਉਂਕਿ ਕਿਸੇ ਹੋਰ ਗਾਹਕ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੂੰ ਮਦਦ ਪਹੁੰਚਣ ਲਈ 20 ਮਿੰਟ ਤਕ ਉਡੀਕ ਕਰਨੀ ਪਈ। ਪੁਲਿਸ ਨੇ ਕਿਹਾ ਕਿ 32 ਸਾਲਾ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਅਤੇ ਉਸ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ। ਚਾਕੂ ਮਾਰਨ ਦੀ ਘਟਨਾ ਦੇ ਸਬੰਧ ਵਿਚ ਪੁਲਿਸ ਨੇ ਦੋ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ। ਆਰਸੀਐਮਪੀ ਦੋਵੇਂ ਕਿਸ਼ੋਰ ਲੜਕੀਆਂ ਦੀ ਸ਼ਲਾਘਾ ਕਰ ਰਹੀ ਹੈ ਜਿਨ੍ਹਾਂ ਨੇ ਅੱਗੇ ਆਉਣ ਦਾ ਹੌਂਸਲਾ ਦਿਖਾਇਆ ਹੈ।

## ਬੀਸੀ ਵਿਚ ਕੋਵਿਡ-19 ਨਾਲ 14 ਹੋਰ ਮੌਤਾਂ

ਵਿਕਟੋਰੀਆ-ਬੀਸੀ ਵਿਚ ਕੋਵਿਡ-19 ਨਾਲ ਇਕ ਦਰਜਨ ਤੋਂ ਵੀ ਵੱਧ ਹੋਰ ਮੌਤਾਂ ਹੋਈਆਂ ਹਨ। ਸੂਬੇ ਦੇ ਸਿਹਤ ਮੰਤਰਾਲੇ ਮੁਤਾਬਿਕ ਬੁੱਧਵਾਰ ਕੋਵਿਡ ਨਾਲ 14 ਮੌਤਾਂ ਹੋਈਆਂ ਹਨ ਜਿਹੜੀਆਂ ਇਕ ਹਫ਼ਤੇ ਵਿਚ ਸਭ ਤੋਂ ਵੱਧ ਹਨ ਉਂਜ ਹਸਪਤਾਲਾਂ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਘਟੀ ਹੈ। ਬੀਸੀ ਦੇ ਹਸਪਤਾਲਾਂ ਵਿਚ ਹੁਣ ਪਾਜ਼ੇਟਿਵ ਟੈਸਟ ਵਾਲੇ 419 ਤੋਂ ਘੱਟ ਕੇ 405 ਰਹਿ ਗਏ ਹਨ। ਬੀਸੀ ਵਿਚ ਕੋਰੋਨਾਵਾਇਰਸ ਦੇ ਹੁਣ ਕੁਲ 58 ਮਰੀਜ਼ ਆਈਸੀ ਯੂਨਿਟਾਂ ਵਿਚ ਦਾਖਲ ਹਨ ਜਿਹੜੇ ਮੰਗਲਵਾਰ 63 ਸਨ। ਜਦੋਂ ਦੀ ਮਹਾਂਮਾਰੀ ਸ਼ੁਰੂ ਹੋਈ ਹੈ ਉਸ ਸਮੇਂ ਤੋਂ ਬੀਸੀ ਵਿਚ ਕੋਵਿਡ-19 ਨਾਲ 2929 ਮੌਤਾਂ ਹੋਈਆਂ ਹਨ। 11 ਫਰਵਰੀ ਪਿੱਛੋਂ ਲਗਪਗ ਇਕ ਮਹੀਨੇ ਵਿਚ ਬੁੱਧਵਾਰ ਹੋਈਆਂ ਮੌਤਾਂ ਇਕ ਦਿਨ ਵਿਚ ਸਭ ਤੋਂ ਵੱਧ ਹਨ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ

604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਕਾਜ਼ੀ

971 ਗੁਸਤਾਖ਼ੀ ਮੁਆਫ਼ ਜਹਾਂ ਪਨਾਹ! ਸਾਡੀ, ਅਸੀਂ ਆਪਣਾ ਫ਼ਰਜ਼ ਨਿਭਾਇਆ ਏ।
ਮੁੱਲਾਂ-ਕਾਜ਼ੀ ਸਭ ਨਾਰਾਜ਼ ਹੋਏ ਗਿਲਾ ਉਨ੍ਹਾਂ ਦਾ ਆਖ ਸੁਣਾਇਆ ਏ।
ਮੁਸਲਮਾਨ ਜੋ ਉਨ੍ਹਾਂ ਭੜਕਾਅ ਦਿੱਤੇ, ਹੜ ਲੋਕਾਂ ਦਾ ਸਮਝੋ ਆਇਆ ਏ।
ਇਸਲਾਮ ਕਰੇ ਨਾ ਮਾਫ ਹਰਚੰਦ ਸਿੰਘਾ, ਸਾਥ ਕਾਫ਼ਰਾਂ ਦਾ ਜਿਨ੍ਹਾਂ ਨਿਭਾਇਆ ਏ॥

### ਬਹਾਦਰ ਸ਼ਾਹ

972 ਰਾਜ ਕੀਤਾ ਅਕਬਰ ਬਾਦਸ਼ਾਹ ਨੇ, ਸਾਰੀ ਪਰਜਾ ਨਾਲ ਪਿਆਰ ਕੀਤਾ।
ਨੇਕ ਬੰਦੇ ਨੇ ਸਰ੍ਹਾ ਦੇ ਵਿਚ ਰਹਿ ਕੇ, ਹਰ ਧਰਮ ਦਾ ਪੂਰਾ ਸਤਿਕਾਰ ਕੀਤਾ।
ਇਜ਼ਾਫਾ ਕੀਤਾ ਇਸਲਾਮ ਦੇ ਵਿਚ ਉਸਨੇ, ਕਿਸੇ ਉਤੇ ਨਾ ਅੱਤਿਆਚਾਰ ਕੀਤਾ।
ਹਰਚੰਦ ਸਿੰਘਾ ਲੋਕੀਂ ਯਾਦ ਕਰਦੇ, ਉਚਾ ਇਸਲਾਮ ਦਾ ਉਸ ਮਿਆਰ ਕੀਤਾ॥

973 ਥੋਨੂੰ ਪਤਾ ਨਹੀਂ ਥੋੜਾ ਗਿਆਨ ਹੋਸਾ, ਪਿਆਰ ਬਲੀ ਹੈ ਤੋਪ ਤਲਵਾਰ ਨਾਲੋਂ।
ਇੱਕੋ ਟਾਹਣੀ ਤੇ ਦੋਵੇਂ ਲਗਦੇ ਨੇ, ਫੁੱਲ ਭਾਉਂਦਾ ਲੋਕਾਂ ਨੂੰ ਖਾਰ ਨਾਲੋਂ।
ਜੋ ਲੋਕਾਂ ਦਾ ਭਲਾ ਨਾ ਸੋਚਦੀ ਏ, ਪਰਜਾ ਟੁੱਟਦੀ ਉਸ ਸਰਕਾਰ ਨਾਲੋਂ।
ਹਰਚੰਦ ਸਿੰਘਾ ਜੱਗ ਤੇ ਉਹ ਜੇਤੂ, ਵੱਖ ਚੱਲੇ ਨਾ ਜੋ ਸੰਸਾਰ ਨਾਲੋਂ॥

974 ਜੋ ਜ਼ੁਲਮ ਦੇ ਜ਼ੋਰ ਤੇ ਖੜ੍ਹੇ ਕੀਤੇ, ਨਾ ਰਹਿਣ ਸਦੀਵੀ ਰਾਜ ਮੀਆਂ।
ਤਾਰਾਂ ਅਗਰ ਬਹੁਤੀਆਂ ਕਸ ਦਈਏ, ਟੁੱਟ ਜਾਂਵਦੇ ਉਹੋ ਨੇ ਸਾਜ ਮੀਆਂ।
ਸਿਰ ਚੁੱਕਣ ਬਗਾਵਤਾਂ ਥਾਂ ਥਾਂ ਤੇ, ਖੁੱਸ ਜਾਂਵਦੇ ਰਾਜ ਤੇ ਤਾਜ ਮੀਆਂ।
ਹਰਚੰਦ ਸਿੰਘਾ ਦੁਸ਼ਮਣੀ ਫੱਟ ਲਾਏ, ਪਿਆਰ ਕਰਦਾ ਆ ਇਲਾਜ ਮੀਆਂ॥

975 ਮਾਲਾ ਫੇਰਦੇ ਰੱਬ ਦਾ ਨਾਮ ਲੈਂਦੇ, ਪੰਜ ਵਕਤ ਨਮਾਜਾਂ ਪੜ੍ਹਦੇ ਹੋ।
ਦੇਖ ਦੇਖ ਕੇ ਰੱਬ ਦੇ ਬੰਦਿਆਂ ਨੂੰ, ਅੰਦਰੋਂ ਬਾਹਰੋਂ ਮੀਆਂ ਜੀ ਸੜਦੇ ਹੋ।
ਭੋਰਾ ਪਿਆਰ ਨਾ ਨਾਲ ਮਨੁੱਖਤਾ ਦੇ, ਖ਼ੁਦਾ ਨਾਲ ਵਧੀਕੀਆਂ ਕਰਦੇ ਹੋ।
ਨਿੱਤ ਖਾਂਦੇ ਪਹਿਨਦੇ ਕਾਫਰਾਂ ਦਾ, ਪੇਟ ਉਨ੍ਹਾਂ ਦਾ ਕਮਾਈ ਨਾਲ ਭਰਦੇ ਹੋ॥

976 ਮੇਰੇ ਬਾਪ ਨੂੰ ਸਰ੍ਹਾ ਦੀ ਤੂਲ ਦੇ ਕੇ, ਤੁਸਾਂ ਜ਼ੁਲਮ ਦੇ ਰਾਹ ਤੇ ਪਾਇਆ ਏ।
ਨਾਲ ਹਿੰਦੂਆਂ ਉਸਨੇ ਵੈਰ ਪਾ ਕੇ, ਘੱਟ ਖੱਟਿਆ ਵੱਧ ਗੁਆਇਆ ਏ।
ਤੁਸੀਂ ਮਹਿਲੀਂ-ਮਸੀਤੀਂ ਮੌਜ ਕੀਤੀ, ਵਿਚ ਜੰਗਾਂ ਦੇ ਮੁਲਕ ਮੁਕਾਇਆ ਏ।
ਹਰਚੰਦ ਸਿੰਘਾ ਸਦੀਆਂ ਨਹੀਂ ਖਾਰ ਜਾਣੀ, ਜ਼ਹਿਰ ਤੁਸਾਂ ਨੇ ਜੋ ਫੈਲਾਇਆ ਏ॥

977 ਨੌਵਾਂ ਗੁਰੂ ਰੱਬ ਦਾ ਭਗਤ ਬੰਦਾ, ਤੁਸੀਂ ਉਸਨੂੰ ਕਤਲ ਕਰਾ ਦਿੱਤਾ।
ਨਾਲ ਉਸਦੇ ਤਿੰਨਾਂ ਸੇਵਕਾਂ ਤੇ, ਅਣਮਨੁੱਖੀ ਕਹਿਰ ਸੀ ਢਾਅ ਦਿੱਤਾ।
ਕੀ ਖੱਟਿਆ ਉਨ੍ਹਾਂ ਨੂੰ ਕਤਲ ਕਰਕੇ, ਸੁੱਤਾ ਹੋਇਆ ਦੇਸ਼ ਜਗਾ ਦਿੱਤਾ।
ਕਾਜ਼ੀ ਮੀਆਂ ਤੁਹਾਡੀਆਂ ਗ਼ਲਤੀਆਂ ਨੇ, ਇਕ ਸੰਤ, ਸ਼ਿਪਾਹੀ ਬਣਾ ਦਿੱਤਾ॥

978 ਮੁਗਲ ਰਾਜ ਦੇ ਕੰਮਾਂ ਵਿਚ ਤੁਸੀਂ, ਲੱਗੇ ਦਖਲ-ਅੰਦਾਜ਼ੀਆਂ ਕਰਨ ਮੀਆਂ।
ਅੱਗ ਲਾ ਕੇ ਪਰ੍ਹਾਂ ਹੋ ਬਹਿੰਦੇ, ਹੋਰ ਲੋਕ ਖਮਿਆਜ਼ੇ ਭਰਨ ਮੀਆਂ।
ਜਿਸ ਬੇੜੇ ਦੇ ਹੋਣ ਮਲਾਹ ਮਾੜੇ, ਉਹੋ ਬਹੁਤਾ ਚਿਰ ਨਾ ਤਰਨ ਮੀਆਂ।
ਹਰਚੰਦ ਸਿੰਘਾ ਪਹਾੜ ਵੀ ਮੁੱਕ ਜਾਂਦੇ, ਲਗ ਜਾਂਵਦੇ ਜਦੋਂ ਉਹ ਖਰਨ ਮੀਆਂ॥

### ਕਾਜ਼ੀ

979 ਜਹਾਂ-ਪਨਾਹ! 'ਹਿੰਦ ਦਾ ਪੀਰ' ਕਹੇ, ਜੜ ਮੁਗਲ ਸਰਕਾਰ ਦੀ ਪੁੱਟਣੀ ਏ।
ਚੇਲੇ ਇਸਦੇ ਆਕੀ ਪੰਜਾਬ ਹੋਏ, ਸਰਹਿੰਦ ਆਪਾਂ ਨੇ ਕਹਿ ਕੇ ਲੁੱਟਣੀ ਏ।
'ਗੁਰੂ ਮਾਰੀ' ਉਸਦਾ ਨਾਮ ਧਰਿਆ, ਇੱਟ ਇੱਟ ਬਜਾ ਕੇ ਸੁੱਟਣੀ ਏ।
ਵਜ਼ੀਰ ਖਾਂ ਸਰਹਿੰਦੀ ਆਖਦਾ ਏ, ਸਿੰਘਾਂ ਸਾਡੀ ਕੁੱਟਣੀ ਚਟਨੀ ਏ॥

### ਬਹਾਦਰ ਸ਼ਾਹ ਨੇ ਗੁਰੂ ਜੀ ਨਾਲ ਯਮਨਾ ਤੇ ਜਾਣਾ

980 ਸਿਰ ਮਾਰ ਕੇ ਕਾਜੀਆਂ ਨਾਲ ਸ਼ਾਹ ਜੀ, ਉਹ ਵੱਲ ਗੁਰਾਂ ਦੇ ਜਾਂਵਦੇ ਨੇ।
ਸ਼ਿਕਾਰ ਕਰੀਏ ਜਾ ਕੇ ਮੱਛੀਆਂ ਦਾ, ਦੋਵੇਂ ਯਮਨਾ ਕੰਢੇ ਆਂਵਦੇ ਨੇ।
ਸਜਾ ਕੇ ਕਿਸ਼ਤੀ ਰੱਖੀ ਮਲਾਹਾਂ ਨੇ, ਪਲੰਘ ਰੇਸ਼ਮੀ ਵਿਚ ਸਜਾਂਵਦੇ ਨੇ।
ਹਰਚੰਦ ਸਿੰਘਾ ਜਾ ਅਸਵਾਰ ਹੋਏ, ਸ਼ਾਹ ਜੀ ਗੁਰਾਂ ਨੂੰ ਨਾਲ ਬਹਾਂਵਦੇ ਨੇ॥

### ਕਵੀਓ ਵਾਚ

981 ਸ਼ਾਹ ਵਿੱਚ ਵਿਚਾਲੇ ਲਟਕ ਰਿਹਾ, ਸਿਰਾ ਕੋਈ ਦਿਖੇ ਨਾ ਪਾਰ ਦਾ ਏ।
ਇੱਧਰ ਕਾਜ਼ੀਆਂ ਨੱਕ ਵਿਚ ਦਮ ਕੀਤਾ, ਉਧਰ ਡਰ ਗੁਰੂ ਦਾ ਮਾਰਦਾ ਏ।
ਕਾਜੀ ਕਹਿਣ ਪੀਰ ਨੂੰ ਕੈਦ ਕਰੋ, ਉਹ ਗੁਰੂ ਨੂੰ ਦਿਲੋਂ ਸਤਿਕਾਰ ਦਾ ਏ।
ਜਾਬਰ ਆਜ਼ਮ ਤੋਂ ਖੋਹ ਕੇ ਰਾਜ ਦਿੱਤਾ, ਉਹ ਰਿਣੀ ਇਸ ਉਪਕਾਰ ਦਾ ਏ॥

982 ਕੰਢਾ ਛੱਡ ਕੇ ਕਿਸ਼ਤੀ ਦੂਰ ਆਈ, ਸ਼ਾਮਾਂ ਢਲੀਆਂ ਰੁਮਕਦੀ ਪੌਣ ਮੀਆਂ।
ਛੱਲਾਂ ਆਉਂਦੀਆਂ ਗੁਰਾਂ ਦੀ ਦੀਦ ਲਈ, ਆ ਕੇ ਕਿਸ਼ਤੀ ਨਾਲ ਟਕਰਾਉਣ ਮੀਆਂ।
ਨੀਲੇ ਅੰਬਰ ਤੇ ਬੱਦਲੀਆਂ ਘੁੰਡ ਚੁੱਕੇ, ਮੌਜ ਆਪਣੀ ਵਿਚ ਉਹ ਭੌਣ ਮੀਆਂ।
ਬਹਾਦਰ ਸ਼ਾਹ ਆਪਣੀ ਬੇ-ਚੈਨੀ, ਗੁਰੂ ਜੀ ਨੂੰ ਲੱਗਾ ਸੁਨਾਉਣ ਮੀਆਂ॥

### ਬਹਾਦਰ ਸ਼ਾਹ

983 ਆਪਾਂ ਦਿੱਲੀ ਦੇ ਕੰਮ ਮੁੱਕਾ ਲਏ, ਕਿੱਧਰ ਜਾਣ ਦਾ ਹੁਣ ਖਿਆਲ ਸਾਈਂ।
ਕੀ ਆਪਣੇ ਮਨ ਬਣਾਇਆ ਏ, ਇਸ ਲਈ ਮੈਂ ਕੀਤਾ ਸਵਾਲ ਸਾਈਂ।
ਸਾਡੀ ਤੇ ਦਿਲੋਂ ਇਹ ਇੱਛਾ, ਤੁਸੀਂ ਰਹੋ ਅਸਾਂ ਦੇ ਨਾਲ ਸਾਈਂ।
ਇਕੱਠੇ ਰਹਿ ਕੇ ਆਪਾਂ ਮਾਣ ਲਈਏ, ਜਿੰਨੇ ਬਚਦੇ ਦਿਨ ਤੇ ਸਾਲ ਸਾਈਂ॥

### ਗੁਰੂ ਜੀ

984 ਅਸੀਂ ਦੱਖਣ ਵੱਲ ਨੂੰ ਜਾਵਣਾ ਏ, ਕੁੱਝ ਰੂਹਾਂ ਨੂੰ ਦੇਣੇ ਦਿਦਾਰ ਜਾ ਕੇ।
ਬੜੇ ਚਿਰ ਤੋਂ ਉਹ ਉਡੀਕ ਰਹੀਆਂ, ਪੂਰੇ ਕਰਨੇ ਹਨ ਇਕਰਾਰ ਜਾ ਕੇ।
ਅਕਾਲ ਪੁਰਖ ਦਾ ਸਾਨੂੰ ਹੁਕਮ ਇਹੋ, ਕਰਨਾ ਕਈਆਂ ਦਾ ਅਸੀਂ ਆਧਾਰ ਜਾ ਕੇ।
ਦੱਬੇ, ਕੁਚਲੇ ਅਤੇ ਨਿਤਾਣਿਆਂ ਨੂੰ, ਅਸੀਂ ਦੇਣਾ ਉਥੇ ਪਿਆਰ ਜਾ ਕੇ॥

### ਬਹਾਦਰ ਸ਼ਾਹ

985 ਰਾਜ ਅਸਾਂ ਨੂੰ ਆਪਾਂ ਨੇ ਬਖਸ਼ਿਆ ਏ, ਸਾਨੂੰ ਮੁਸ਼ਕਲਾਂ ਵਿਚ ਨਾ ਪਾ ਦੇਣਾ।
ਰਾਜਪੂਤਾਂ ਅਤੇ ਮਰਹੱਟਿਆਂ ਨੂੰ, ਸਾਡੇ ਉਲਟ ਨਾ ਕਿਤੇ ਭੜਕਾ ਦੇਣਾ।
ਸਹੁੰ ਆਪ ਨੂੰ ਸਾਡੀ ਦੋਸਤੀ ਦੀ, ਇਸਨੂੰ ਇਸੇ ਤਰ੍ਹਾਂ ਨਿਭਾਅ ਦੇਣਾ।
ਮੁੱਲਾ-ਕਾਜੀ ਬਹੁਤ ਸਤਾਉਣ ਮੈਨੂੰ, ਤੁਸੀਂ ਹੋਰ ਨਾ ਸਾਨੂੰ ਸਤਾਅ ਦੇਣਾ॥

### ਗੁਰੂ ਜੀ

986 ਵਲ-ਛਲ ਅਸਾਂ ਨਾ ਮੂਲ ਕਰਦੇ, ਸੱਚ ਕਹਿੰਦੇ ਹਾਂ ਢੋਲ ਵੱਜਾ ਮੀਆਂ।
ਸਾਡੀ ਤੇਰੇ ਤੇ ਰਹੂ ਦਿਆ ਹਰਦਮ, ਦੇਵੇਂ ਦੋਸ਼ੀਆਂ ਅਗਰ ਸੱਜਾ ਮੀਆਂ।
ਚਾਲ ਖੇਲ੍ਹ ਕੇ ਅਗਰ ਤੈਂ ਰਾਜਿਆਂ ਦੀ, ਕੀਤੇ ਇਕਰਾਰ ਜੇ ਦਿੱਤੇ ਭੁਲਾ ਮੀਆਂ।
ਮੇਰੇ ਸਿੰਘਾਂ ਵੇਖੀਂ ਹਰਚੰਦ ਸਿੰਘਾ, ਦੇਣੀ ਇੱਟ ਨਾਲ ਇੱਟ ਖੜਕਾ ਮੀਆਂ॥

987 ਤੇਰੇ ਪਿਤਾ ਨੇ ਗਲਤੀਆ ਕੀਤੀਆਂ ਜੋ, ਉਨ੍ਹਾਂ ਤਾਈਂ ਤੂੰ ਲੈ ਸੁਧਾਰ ਰਾਜਾ।
ਫ਼ੌਜੀ, ਨਵਾਬ ਤੇ ਅਹਿਲਕਾਰ ਤੇਰੇ, ਬੇ-ਗੁਨਾਹਾਂ ਨੂੰ ਰਹੇ ਜੋ ਮਾਰ ਰਾਜਾ।
ਉਨ੍ਹਾਂ ਨੂੰ ਉੱਚੇ ਅਹੁਦਿਆਂ ਤੋਂ, ਗਿਣ ਗਿਣ ਕੇ ਲੈ ਉਤਾਰ ਰਾਜਾ।
ਲਗਾਮਾਂ ਪਾ ਤੂੰ ਮੁੱਲਾਂ-ਕਾਜ਼ੀਆਂ ਨੂੰ, ਤੈਨੂੰ ਪਊ ਨਾ ਕਿਤੋਂ ਵੀ ਮਾਰ ਰਾਜਾ॥

988 ਜਿਸ ਧਰਮ ਦੇ ਵਿਚ ਵਿਸਵਾਸ਼ ਜਿਸਦਾ, ਉਸਨੂੰ ਉਸੇ ਧਰਮ ਵਿਚ ਰਹਿਣ ਦੇਵੋ।
ਅੱਲਾ, ਰਾਮ, ਵਾਹਿਗੁਰੂ ਜੋ ਕਹਿੰਦਾ, ਉਸਨੂੰ ਉਹੋ ਹੀ ਕਹਿਣ ਦੇਵੋ।
ਰਾਜਾ ਬਣ ਕੇ ਕਰ ਇਨਸਾਫ ਪੂਰਾ, ਜ਼ੁਲਮ ਕਿਸੇ ਦੇ ਉਤੇ ਨਾ ਢਹਿਣ ਦੇਵੋ।
ਹਰਚੰਦ ਸਿੰਘਾ ਆਪ ਵੀ ਸੁੱਖ ਮਾਣੋ, ਹੋਰਾਂ ਲਈ ਵੀ ਸੁੱਖ ਤੇ ਚੈਨ ਦੇਵੋ॥

(ਬਾਕੀ ਅਗਲ ਅੰਕ ਵਿਚ)

49 YEARS OF EXCELLENCE 1973 THE LINK GROUP 2022
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: cashkaur59@gmail.com

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ: 604-901-9044, Email: cashkaur59@gmail.com

ap 09

◆◆◆◆◆◆◆◆◆◆◆◆◆◆

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ– 778-551-1800

feb 12

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਸੁੰਦਰ ਜੱਟ ਸਿੱਖ ਲੜਕਾ (ਵੈਨਕੋਵਰ) ਨਵੰਬਰ 91, 5'11" ਇੰਜੀਨੀਅਰ, ਮਾਪੇ ਟੀਚਰ ਰਿਟਾਇਰਡ ਵਾਸਤੇ ਸੁੰਦਰ, ਲੰਮੀ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੱਡੀ ਬੇਸ, ਵਰਕ ਪਰਮਟ ਵੀ ਵਿਚਾਰਯੋਗ। ਲੜਕਾ ਖੰਨਾ, ਸਮਰਾਲਾ ਏਰੀਏ ਨਾਲ ਸਬੰਧ ਰੱਖਦਾ ਹੈ।ਮੈਰਿਜ ਬਿਊਰੋ ਮਾਫ ਕਰਣ।
Phone: +1(778) 636-4622,
94637-48264 (INDIA)

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਲੜਕਾ ਉਮਰ 31 ਸਾਲ ਕੱਦ 6' ਵਧੀਆ ਜੌਬ ਕਰਦਾ ਹੈ ਵਾਸਤੇ ਯੋਗ ਕੈਨੇਡੀਅਨ ਸਿਟੀਜਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ 778-847-2800 ਨੰਬਰ 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ ਇਕਲੌਤਾ ਲੜਕਾ, ਉਮਰ 24 ਸਾਲ, ਕੱਦ 6'3", ਵਧੀਆ ਯੂਨੀਅਨ ਜੌਬ, ਲੁਧਿਆਣਾ ਸ਼ਹਿਰ ਦੇ ਪਿਛੋਕੜ ਵਾਲਾ ਵਧੀਆ ਪਰਿਵਾਰ, ਲਈ, ਕੈਨੇਡੀਅਨ ਸਿਟੀਜ਼ਨ / ਪੀ.ਆਰ. ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੀ ਦਾ ਕੱਦ ਘੱਟੋਂ ਘੱਟ 5'5" ਹੋਵੇ। ਸੰਪਰਕ: 604-308-8138

◆◆◆◆◆◆◆◆◆◆◆◆◆◆

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ– 8427795577 (ਵਟਸ ਐਪ), ਕਾਲ: 7788896191//2363308884

mar 12

## EMPLOYMENTS

### ਹਾਊਸ ਕੀਪਰ ਦੀ ਲੋੜ

ਵੈਸਟ ਵੈਨਕੂਵਰ ਦੇ ਇਕ ਪੰਜਾਬੀ ਪਰਿਵਾਰ ਨੂੰ ਘਰ ਦੇ ਕੰਮਕਾਜ, ਕਲੀਨਿੰਗ ਆਦਿ ਲਈ ਇਕ ਫੁੱਲ ਟਾਈਮ ਹਾਊਸ ਕੀਪਰ ਦੀ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਲਈ ਪ੍ਰਾਈਵੇਟ ਸੁਈਟ ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604.926.2149

feb 05

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ–ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE
ads@thelinkpaper.ca

# ਪੰਜਾਬ ਦੀ ਚੋਣ ਨਤੀਜੇ ਮੌਕਾਪ੍ਰਸਤ ਸਿਆਸਤਦਾਨਾਂ ਲਈ ਸਬਕ !


ਡਾ: ਗੁਰਵਿੰਦਰ ਸਿੰਘ

ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਇਸ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ, ਭਾਰਤੀ ਰਾਜਨੀਤੀ ਤੋਂ ਵੱਖਰਾ ਰੁਖ ਅਖਤਿਆਰ ਕਰਦੇ ਹੋਏ, ਸਥਾਪਤੀ ਨੂੰ ਜੜ੍ਹੋਂ ਪੁੱਟਣ ਦਾ ਤਹਿਈਆ ਕਰਦੇ ਹਨ। ਮੌਜੂਦਾ ਕਾਂਗਰਸ ਸਰਕਾਰ ਅਤੇ ਬੀਤੇ ਸਮੇਂ ਦੀ ਅਕਾਲੀ- ਬੀਜੇਪੀ ਹਕੂਮਤ ਦੀਆਂ ਧੱਕੇਸ਼ਾਹੀਆਂ ਤੋਂ ਖ਼ਫ਼ਾ, ਪੰਜਾਬੀਆਂ ਨੇ ਤੀਜੇ ਬਦਲ ਲਈ ਮੌਕਾ ਦਿੱਤਾ ਹੈ।ਇਸ ਬਦਲ ਤੋਂ ਉਨ੍ਹਾਂ ਨੂੰ ਬੇਹੱਦ ਆਸਾਂ ਹਨ। ਇਹ ਵੀ ਸੱਚ ਹੈ ਕਿ ਜੇਕਰ ਉਹ ਆਸਾਂ 'ਤੇ ਜੇਤੂ ਸਿਆਸਤਦਾਨ ਖਰੇ ਨਾ ਉੱਤਰੇ, ਤਾਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬੀ ਜਿਸ ਸਨਮਾਨ ਨਾਲ ਸਿਰ 'ਤੇ ਚੁੱਕਦੇ ਹਨ, ਉਸ ਹੀ ਤਰ੍ਹਾਂ ਹੇਠਾਂ ਵੀ ਸੁੱਟਦੇ ਹਨ। ਇਨ੍ਹਾਂ ਚੋਣਾਂ ਨੇ ਨਵਾਂ ਇਤਿਹਾਸ ਰਚਿਆ ਹੈ। ਪੰਜਾਬ 'ਤੇ ਰਜਵਾੜਾਸ਼ਾਹੀ ਰਾਹੀਂ ਸੱਤਾ ਕਾਇਮ ਕਰਨ ਵਾਲੇ ਅਮਰਿੰਦਰ ਸਿੰਘ, ਪਰਿਵਾਰਵਾਦ ਦੀ ਰਾਜਨੀਤੀ ਕਰਨ ਵਾਲੇ ਅਕਾਲੀ ਦਲ 'ਤੇ ਕਾਬਜ਼ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮਜੀਤ ਸਿੰਘ ਮਜੀਠੀਆ, ਕਾਂਗਰਸ ਦੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ,ਬਾਦਲ ਪਰਿਵਾਰ ਦੇ ਦਾਮਾਦ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਭਤੀਜੇ ਮਨਪ੍ਰੀਤ ਬਾਦਲ, ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਸਮੇਤ, ਸਾਰੀਆਂ ਤੋਪਾਂ ਨੂੰ ਮੂਧੇ ਮੂੰਹ ਸੁੱਟਿਆ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪੰਜਾਬ ਦੀ ਰਾਜਨੀਤੀ ਦੇ ਦਰਵੇਸ਼ ਸਿਆਸਤਦਾਨ ਤੇ ਸਾਬਕਾ ਮੈਂਬਰ ਪਾਰਲੀਮੈਂਟ ਮਰਹੂਮ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਸਪੁੱਤਰ ਅਤੇ ਆਮ ਆਦਮੀ ਪਾਰਟੀ ਦੇ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ, ਪੰਜ ਵਾਰੀ ਮੁੱਖ ਮੰਤਰੀ ਬਣਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾ ਕੇ, ਆਪਣੇ ਮਹਾਨ ਪਿਤਾ ਦੀ ਵਿਰਾਸਤ 'ਤੇ ਮੋਹਰ ਲਾਈ ਹੈ। ਇਕ ਸਾਧਾਰਨ ਵਿਅਕਤੀ ਤਾਕਤਵਰ ਨੂੰ ਕਿਵੇਂ ਹਰਾ ਸਕਦਾ ਹੈ, ਇਹ ਉਸ ਦੀ ਮਿਸਾਲ ਹੈ! ਇਉਂ ਹੀ ਪਟਿਆਲੇ ਤੋਂ ਆਪ ਦੇ ਅਜੀਤਪਾਲ ਸਿੰਘ ਕੋਹਲੀ ਨੇ, ਗੁਟਕੇ ਦੀਆਂ ਝੂਠੀਆਂ ਸਹੁੰਆਂ ਖਾਣ ਵਾਲੇ ਅਮਰਿਦਰ ਸਿੰਘ ਨੂੰ ਮੂਧੇ ਮੂੰਹ ਸੁੱਟਿਆ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਭਦੌੜ ਤੋਂ ਨਵੇਂ ਚਿਹਰੇ ਨੌਜਵਾਨ ਲਾਭ ਸਿੰਘ ਉਗੋਕੇ ਨੇ ਬੁਰੀ ਤਰ੍ਹਾਂ ਹਰਾਇਆ ਹੈ। ਜਲਾਲਾਬਾਦ ਤੋਂ ਜਗਦੀਪ ਕੰਬੋਜ ਨੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ਼ਿਕਸਤ ਦੇ ਕੇ ਨਵਾਂ ਇਤਿਹਾਸ ਸਿਰਜਿਆ ਹੈ। ਅੰਮ੍ਰਿਤਸਰ ਪੂਰਬੀ ਤੋਂ ਬੀਬੀ ਜੀਵਨਜੋਤ ਕੌਰ ਨੇ ਬਿਕਰਮਜੀਤ ਸਿੰਘ ਮਜੀਠੀਆ ਅਤੇ ਨਵਜੋਤ ਸਿੰਘ ਸਿੱਧੂ, ਦੋਹਾਂ ਨੂੰ ਹਾਰ ਦਾ ਰਾਹ ਵਿਖਾ ਕੇ ਨਵੀਂ ਆਸ ਦੀ ਕਿਰਨ ਖਿਲਾਰੀ ਹੈ। ਸਾਰਿਆਂ ਤੋਂ ਅਹਿਮ ਗੱਲ ਹੈ ਕਿ ਹੋਂਦ ਚਿੱਲੜ, 1984 ਦੇ ਸਿੱਖ ਦੁਖਾਂਤ ਨੂੰ ਉਜਾਗਰ ਕਰਨ ਵਾਲੇ ਮਹਾਨ ਵਿਅਕਤੀ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ, ਸ਼ਾਨਦਾਰ ਜਿੱਤ ਹਾਸਲ ਕਰਕੇ ਸਾਬਤ ਕਰ ਦਿੱਤਾ ਹੈ ਕਿ ਸਥਾਪਤੀ ਖ਼ਿਲਾਫ਼ ਡੱਟ ਕੇ ਅਤੇ ਸਿੱਖ ਨਸਲਕੁਸ਼ੀ ਖ਼ਿਲਾਫ਼ ਆਵਾਜ਼ ਉਠਾ ਕੇ, ਉਹ ਇਨਸਾਫ ਦੀ ਲੜਾਈ ਜਾਰੀ ਰੱਖਣਗੇ। ਇਨ੍ਹਾਂ ਸਭਨਾ ਵਿੱਚ ਇਕ ਹੋਰ ਨਾਮ ਹੈ 'ਕੁੰਵਰ ਵਿਜੈ ਪ੍ਰਤਾਪ ਸਿੰਘ', ਜਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਜਾਂਚ ਦੀ ਅਗਵਾਈ ਕੀਤੀ ਸੀ, ਪਹਿਲਾਂ ਅਕਾਲੀ ਦਲ ਅਤੇ ਫਿਰ ਕਾਂਗਰਸ ਨੇ, ਉਸ ਨੂੰ ਲਾਂਭੇ ਕੀਤਾ, ਪਰ ਉਹ ਅਡੋਲ ਰਿਹਾ। ਅੰਤ ਨੂੰ ਅੱਜ ਪੰਜਾਬ ਦੀ ਰਾਜਨੀਤੀ ਵਿਚ ਇਕ ਜੇਤੂ ਬਣ ਕੇ ਉੱਭਰਿਆ ਹੈ। ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਜਿੱਤ










ਨਵੇਂ ਇਤਿਹਾਸ ਨੂੰ ਸਿਰਜਣ ਦੇ ਸਮਰੱਥ ਹੈ। ਸੁਖਪਾਲ ਸਿੰਘ ਖਹਿਰਾ ਦੇ ਅਜੇਤੂ ਹੋਣ ਨਾਲ ਆਸ ਦੀ ਬਣੀ ਹੈ ਕਿ ਵਿਰੋਧੀ ਧਿਰ ਵਿੱਚੋਂ ਵੀ ਹੱਕ ਸੱਚ ਤੇ ਇਨਸਾਫ਼ ਲਈ ਆਵਾਜ਼ ਬੁਲੰਦ ਹੋਵੇਗੀ। ਕਈ ਹੋਰ ਅਜਿਹੇ ਨਾਮ ਹਨ, ਜਿਹੜੇ ਬਿਲਕੁਲ ਸਾਧਾਰਨ ਵਿਅਕਤੀ ਹਨ, ਪਰ ਪੰਜਾਬੀਆਂ ਨੇ ਉਨ੍ਹਾਂ ਨੂੰ ਸ਼ਾਨਦਾਰ ਜਿੱਤ ਦਿਵਾਈ ਹੈ। ਸਭਨਾਂ ਨੂੰ ਸ਼ੁਭਕਾਮਨਾਵਾਂ। ਬੇਸ਼ੱਕ ਭਾਰਤ ਦੇ ਬਾਕੀ ਸੂਬਿਆਂ ਵਿੱਚ ਭਾਜਪਾ ਦੇ ਮੁੜ ਸੱਤਾ ਵਿੱਚ ਆਉਣ ਨਾਲ ਪਾਲਾਬੰਦੀ ਦੀ ਸਿਆਸਤ ਹੋਰ ਮਜ਼ਬੂਤ ਹੋਈ ਹੈ, ਪਰ ਪੰਜਾਬ ਨੇ ਕੇਂਦਰ ਦੇ ਉਲਟ ਫਤਵਾ ਦੇ ਕੇ, ਆਪਣਾ ਰੋਹ ਪ੍ਰਗਟਾਇਆ ਹੈ। ਆਸ ਕਰਦੇ ਹਾਂ ਕਿ ਪੰਜਾਬੀਆਂ ਦੀਆਂ ਆਸਾਂ ਤੇ ਆਮ ਆਦਮੀ ਪਾਰਟੀ ਅਤੇ ਭਗਵੰਤ ਸਿੰਘ ਮਾਨ ਖਰੇ ਉਤਰਨ ਦੀ ਕੋਸ਼ਿਸ਼ ਕਰਨਗੇ। ਉਂਜ ਇਸ ਸਮਾਂ ਦੱਸੇਗਾ ਕਿ ਪੰਜਾਬ ਦੀ ਰਾਜਨੀਤੀ ਦਾ ਊਠ ਕਿਸ ਕਰਵਟ ਬੈਠਦਾ ਹੈ, ਪਰ ਸਥਾਨਕ ਪਾਰਟੀ ਅਕਾਲੀ ਦਲ ਦੀ ਹੋਂਦ ਖ਼ਤਰੇ ਵਿੱਚ ਪੈਣਾ, ਪੰਜਾਬ ਲਈ ਬੜਾ ਅਸ਼ੁੱਭ ਹੈ। ਇਸ ਲਈ ਜ਼ਿੰਮੇਵਾਰ ਬਾਦਲ ਪਰਿਵਾਰ ਨੂੰ ਪਾਰਟੀ ਦੀ ਲੀਡਰਸ਼ਿਪ ਤੋਂ ਬਾਹਰ ਕਰਕੇ, ਸ਼੍ਰੋਮਣੀ ਅਕਾਲੀ ਦਲ ਦੀ ਅਸਲ ਸਪ੍ਰਿਟ ਵਾਲੇ ਲੀਡਰਾਂ ਨੂੰ ਅੱਗੇ ਆਉਣ ਦੀ ਲੋੜ ਹੈ, ਤਾਂ ਕਿ "ਪੰਜਾਬ ਦੀ ਆਪਣੀ ਪੰਥਕ ਪਾਰਟੀ" ਦੀ ਹੋਂਦ ਬਚੀ ਰਹੇ ਅਤੇ ਪੰਜਾਬ ਦੀ ਹੋਣੀ ਅਤੇ ਸੰਤਾਪ ਖ਼ਿਲਾਫ਼ ਲੜਨ ਦੀ ਤਾਕਤ ਕਾਇਮ ਰਹੇ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਗੈਸ ਕੀਮਤਾਂ ਵਧਣ ਕਾਰਨ ਮੈਨੀਟੋਬਾ ਵਿਚ ਸਾਈਕਲ ਚਲਾਉਣ ਬਾਰੇ ਵਧੀ ਪੁੱਛਗਿੱਛ

ਵਿਨੀਪੈਗ-ਮਨੀਟੋਬਾ ਸਮੇਤ ਸਮੁੱਚੇ ਕੈਨੇਡਾ ਵਿਚ ਗੈਸ ਦੀਆਂ ਕੀਮਤਾਂ ਵਿਚ ਵਾਧਾ ਚੁਭ ਰਿਹਾ ਹੈ ਅਤੇ ਹੁਣ ਕੁਝ ਲੋਕ ਆਵਾਜਾਈ ਦੇ ਦੂਸਰੇ ਤਰੀਕਿਆਂ ਦੀ ਭਾਲ ਕਰ ਰਹੇ ਹਨ। ਵਿਨੀਪੈਗ ਦੀ ਇਕ ਸਾਈਕਲ ਸ਼ਾਪ ਨੇ ਕਿਹਾ ਕਿ ਲੋਕ ਕੁਝ ਪੈਸੇ ਬਚਾਉਣ ਦੇ ਤਰੀਕੇ ਵਜੋਂ ਆਵਾਜਾਈ ਦੇ ਦੋਪਹੀਆ ਰੂਪ ਬਾਰੇ ਪਹਿਲਾਂ ਹੀ ਪੁੱਛਗਿੱਛ ਕਰ ਰਹੇ ਹਨ। ਬਾਈਕਸ ਅਤੇ ਬਿਓਂਡ ਦੇ ਮੈਨੇਜਰ ਬਰੇਟ ਜ਼ਗੋਜ਼ੇਵਸਕੀ ਨੇ ਕਿਹਾ ਕਿ ਅਸੀਂ ਆਪਣੇ ਰੁਝੇਵੇਂ ਭਰੇ ਮੌਸਮ ਵਿਚ ਅਜੇ ਦਾਖਲ ਹੋ ਰਹੇ ਹਾਂ ਪਰ ਇਸ ਹਫ਼ਤੇ ਦੇ ਸ਼ੁਰੂ ਵਿਚ ਲੋਕਾਂ ਨੇ ਵਿਸ਼ੇਸ਼ ਰੂਪ ਵਿਚ ਈ-ਬਾਈਕਸ ਬਾਰੇ ਸਵਾਲ ਕੀਤੇ ਹਨ ਅਤੇ ਲੋਕ ਤੇਲ ਦੀਆਂ ਵਧ ਰਹੀਆਂ ਕੀਮਤਾਂ ਦਾ ਹਵਾਲਾ ਦਿੰਦੇ ਹੋਏ ਆਵਾਜਾਈ ਦੇ ਹੋਰ ਢੰਗਾਂ ਦੀ ਭਾਲ ਕਰ ਰਹੇ ਹਨ।

# ਸਾਈਬਰ ਹਮਲੇ ਲਈ ਮੈਨੀਟੋਬਾ ਦਾ ਵਿਅਕਤੀ ਗ੍ਰਿਫ਼ਤਾਰ

ਵਿਨੀਪੈਗ-ਪੁਲਿਸ ਨੇ ਬਰੈਂਡਨ ਵਿਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਵਿਚੋਂ ਇਕ ਸਾਈਬਰ ਹਮਲਿਆਂ ਵਿਚ ਲੋੜੀਂਦਾ ਸੀ ਅਤੇ ਇਸ ਦੀ ਐਫਬੀਆਈ ਜਾਂਚ ਕਰ ਰਹੀ ਹੈ। ਬਰੈਂਡਰ ਪੁਲਿਸ ਸਰਵਿਸ ਨੇ ਦੱਸਿਆ ਕਿ ਦੋ ਵਿਅਕਤੀਆਂ ਵਲੋਂ ਸਾਈਬਰ ਹਮਲੇ ਕਰਨ ਦੇ ਸਬੰਧ ਵਿਚ ਅਪ੍ਰੈਲ 2021 ਵਿਚ ਐਫਬਾਈਆਈ ਨੇ ਉਸ ਨਾਲ ਸੰਪਰਕ ਕੀਤਾ ਸੀ, ਇਨ੍ਹਾਂ ਵਿਚੋਂ ਇਕ ਦੇ ਬਰੈਂਡਨ ਵਿਚ ਰਹਿੰਦੇ ਹੋਣ ਦਾ ਸ਼ੱਕ ਸੀ। ਐਫਬਾਈਆਈ ਅਤੇ ਬਰੈਂਡਨ ਪੁਲਿਸ ਨੇ 11 ਮਹੀਨੇ ਜਾਂਚ ਕੀਤੀ ਅਤੇ ਦੋਵਾਂ ਸੰਗਠਨਾਂ ਨੂੰ ਆਨਲਾਈਨ ਸਾਈਬਰ ਹਮਲਿਆਂ ਵਿਚ ਸ਼ਾਮਿਲ ਦੋ ਸ਼ੱਕੀਆਂ ਬਾਰੇ ਪਤਾ ਲੱਗਾ। ਦੋਵੇਂ ਇਹ ਹਮਲੇ ਪੈਸੇ ਲੈ ਕੇ ਕਰ ਰਹੇ ਸਨ। ਪੁਲਿਸ ਨੇ ਬਰੈਂਡਨ ਵਿਚ 18 ਸਾਲਾ ਡੇਨੇ ਪੈਰਟ ਜੋਨਸ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਪੁਲਿਸ ਨੂੰ ਉਸ ਕੋਲੋਂ ਹੈਂਡਗਨ ਦੇ ਟੁਕੜੇ ਨੂੰ ਛਾਪਣ ਵਾਲਾ 3ਡੀ ਪ੍ਰਿੰਟਰ ਅਤੇ ਵੱਡੀ ਮਾਤਰਾ ਵਿਚ ਭੰਗ ਮਿਲੀ ਹੈ।



# ਅੰਮ੍ਰਿਤਸਰ ਹਲਕਾ ਪੱਛਮੀ ਤੋਂ ਆਪ ਪਾਰਟੀ ਦੇ ਜੇਤੂ ਉਮੀਦਵਾਰ ਡਾ: ਸੰਧੂ ਨੂੰ ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਰੰਧਾਵਾ ਨੇ ਕੀਤਾ ਸਨਮਾਨਿਤ

ਛੇਹਰਟਾ (ਰਾਜ-ਤਾਜ ਰੰਧਾਵਾ)-ਪੰਜਾਬ ਵਿਧਾਨ ਸਭਾ ਦੀਆਂ ਵੋਟਾਂ ਦੇ ਨਤੀਜੇ ਆਉਣ 'ਤੇ ਅੰਮ੍ਰਿਤਸਰ ਹੱਲਕਾ ਪੱਛਮੀ 'ਚੋਂ ਆਪ ਪਾਰਟੀ ਦੇ ਉਮੀਦਵਾਰ ਡਾ: ਜਸਬੀਰ ਸਿੰਘ ਸੰਧੂ ਪਹਿਲੀ ਵਾਰ ਹੀ ਬਹੁਤ ਵੱਡੀ ਲੀਡ ਨਾਲ ਚੋਣ ਜਿੱਤ ਗਏ ਹਨ । ਜਿੱਤ ਦਾ ਐਲਾਨ ਹੋਣ ਤੋਂ ਬਾਅਦ ਡਾ: ਸੰਧੂ ਨੇ ਆਪਣੇ ਸਮਰਥਕਾਂ ਸਮੇਤ ਪਹਿਲਾਂ ਗੁ: ਛੇਹਰਟਾ ਸਾਹਿਬ ਮੱਥਾ ਟੇਕਣ ਪਹੰਚੇ ਅਤੇ ਬਾਅਦ ਵਿਚ ਛੇਂਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਅਸਥਾਨ ਗੁਰੂ ਕੀ ਵਡਾਲੀ ਵਿਖੇ ਨਤਮਸਤਕ ਹੋਏ । ਗੁ: ਗੁਰੂ ਕੀ ਵਡਾਲੀ ਵਿਖੇ ਡਾ: ਸੰਧੂ ਨੂੰ ਬਾਬਾ ਬੁੱਢਾ ਸਾਹਿਬ ਜੀ ਦੀ ਅੰਸ਼ ਬੰਸ਼ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ 10ਵੀਂ ਪੀੜੀ ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ ਸਪੁੱਤਰ ਸੰਤ ਅਮਰੀਕ ਸਿੰਘ ਰੰਧਾਵਾ (ਮੁੱਖੀ 'ਸੰਪਰਦਾ ਬਾਬਾ ਬੁੱਢਾ ਵੰਸ਼ਜ ਗੁਰੂ ਕੇ ਹਾਲੀ ਰੰਧਾਵੇਂ ਗੁਰੂ ਕੀ ਵਡਾਲੀ-ਛੇਹਰਟਾ) ਨੇ ਗੁਰੂ ਜੀ ਦੀ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ । ਸਨਮਾਨਿਤ ਕਰਨ ਸਮੇਂ ਡਾ: ਸੰਧੂ ਦੇ ਨਾਲ ਪ੍ਰਿਤਪਾਲ ਸਿੰਘ ਵੜੈਚ, ਜਗਤਾਰ ਸਿੰਘ ਮਾਨ, ਬਾਬਾ ਰਘਬੀਰ ਸਿੰਘ ਰੰਧਾਵਾ, ਸਾਬਕਾ ਡਿਪਟੀ ਮੇਅਰ ਗੱਬਰ, ਨਿਸ਼ਾਨ ਸਿੰਘ ਡੇਹਰੀਵਾਲਾ, ਸਤਬੀਰ ਸਿੰਘ ਰੰਧਾਵਾ, ਪਦਮ ਸ੍ਰੀ ਪੂਰਨ ਚੰਦ ਵਡਾਲੀ ਦੀ ਭੈਣ ਪਿਆਰੀ ਜੀ ਤੇ ਭਣੇਵਾਂ ਆਦਿ ਸ਼ਾਮਲ ਸਨ।

# ਮੈਨੀਟੋਬਾ 'ਚ 200 ਤੋਂ ਵੀ ਵੱਧ ਅਫਗਾਨ ਸ਼ਰਨਾਰਥੀਆਂ ਦਾ ਪੁਨਰਵਾਸ

ਓਟਵਾ-ਜੰਗ ਤੋਂ ਪ੍ਰਭਾਵਤ ਯੂਕਰੇਨ ਤੋਂ ਅਸੀਮਤ ਗਿਣਤੀ ਵਿਚ ਆ ਰਹੇ ਲੋਕਾਂ ਦਾ ਸਵਾਗਤ ਕਰਨ ਲਈ ਕੈਨੇਡਾ ਵਲੋਂ ਯਤਨ ਤੇਜ਼ ਕਰਨ ਦੇ ਨਾਲ ਇਕ ਵੱਖਰੇ ਸੰਘਰਸ਼ ਤੋਂ ਭੱਜ ਰਹੇ ਸ਼ਰਨਾਰਥੀਆਂ ਦੇ ਪੁਰਨਵਾਸ ਦਾ ਕੰਮ ਵੀ ਲਗਾਤਾਰ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਅਗਸਤ ਵਿਚ ਅਫਗਾਨਿਸਤਾਨ 'ਤੇ ਤਾਲਿਬਾਨ ਵਲੋਂ ਕਬਜ਼ਾ ਕਰ ਲੈਣ ਪਿੱਛੋਂ ਕੈਨੇਡਾ ਨੇ ਉਥੋਂ 40000 ਅਫਗਾਨੀ ਸ਼ਰਨਾਰਥੀਆਂ ਨੂੰ ਲਿਆਉਣ ਪ੍ਰਤੀ ਵਚਨਬੱਧਤਾ ਦਿਖਾਈ ਸੀ। ਹੁਣ ਤਕ ਉਨ੍ਹਾਂ ਵਿਚੋਂ ਇਕ ਚੌਥਾਈ ਸ਼ਰਨਾਰਥੀ ਪਹੁੰਚ ਚੁੱਕੇ ਹਨ ਪਰ ਕੁਝ ਗਰੁੱਪ ਚਾਹੁੰਦੇ ਹਨ ਕਿ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਹੋਰ ਕੁਝ ਕਰਨਾ ਚਾਹੀਦਾ ਹੈ। ਹੁਣ ਤਕ 8500 ਸ਼ਰਨਾਰਥੀ ਕੈਨੇਡਾ ਪਹੁੰਚੇ ਹਨ। ਉਨ੍ਹਾਂ ਵਿਚ ਉਹ ਅਫਗਾਨੀ, ਜਿਨ੍ਹਾਂ ਨੇ ਸਰਕਾਰ ਦੀ ਸਹਾਇਤਾ ਕੀਤੀ ਸੀ, ਨਿੱਜੀ ਤੌਰ 'ਤੇ ਸਪਾਂਸਰ ਕੀਤੇ ਸ਼ਰਨਾਰਥੀ ਅਤੇ ਅਮਰੀਕਾ ਵਲੋਂ ਰੈਫਰ ਕੀਤੇ, ਸ਼ਰਨਾਰਥੀ ਸ਼ਾਮਿਲ ਹਨ। ਫੈਡਰਲ ਸਰਕਾਰ ਦੇ ਅੰਕੜਿਆਂ ਮੁਤਾਬਿਕ ਉਨ੍ਹਾਂ ਵਿਚੋਂ 225 ਸ਼ਰਨਾਰਥੀਆਂ ਨੇ ਮਨੀਟੋਬਾ ਨੂੰ ਆਪਣਾ ਨਵਾਂ ਘਰ ਬਣਾਇਆ ਹੈ। ਬਰੈਂਡਨ ਨੇ ਹੁਣ ਤਕ ਸਰਕਾਰੀ ਸਹਾਇਤਾ ਪ੍ਰਾਪਤ 30 ਅਫਗਾਨ ਸ਼ਰਨਾਰਥੀਆਂ ਦਾ ਸਵਾਗਤ ਕੀਤਾ ਹੈ।



AMA CONCRETE
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

# ਸਪੋਰਟਸ ਇਲਸਟ੍ਰੇਟਿਡ ਸਵਿਮਸੂਟ ਪਾਉਣ ਵਾਲੀ ਪਹਿਲੀ ਮੂਲਵਾਸੀ ਔਰਤ ਹੋਵੇਗੀ ਐਸ਼ਲੇ ਕਾਲਿੰਗਬੁੱਲ

ਸਰੀ-ਐਨੋਕ ਕ੍ਰੀ ਨੇਸ਼ਨ ਦੀ ਐਸ਼ਲੇ ਕਾਲਿੰਗਬੁੱਲ ਸਪੋਰਟਸ ਇਲਸਟ੍ਰੇਟਿਡ ਸਵਿਮਸੂਟ ਮੁੱਦੇ ਵਿਚ ਪੋਜ਼ ਦੇਣ ਵਾਲੀ ਪਹਿਲੀ ਮੂਲਵਾਸੀ ਔਰਤ ਹੋਵੇਗੀ। ਮਾਡਲਸ ਲਈ ਸਾਲਾਨਾ ਕਾਸਟਿੰਗ ਦੇ ਸੱਦੇ 'ਤੇ ਹਜ਼ਾਰਾਂ ਅਰਜ਼ੀਆਂ ਆਈਆਂ ਹਨ , ਕਾਲਿੰਗਬੁੱਲ ਉਨ੍ਹਾਂ ਵਿਚੋਂ ਇਕ ਹੈ ਅਤੇ ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਐਲਾਨ ਕੀਤਾ ਗਿਆ ਕਿ ਉਹ 14 ਔਰਤਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ 2022 ਐਸਆਈ ਸਵਿਮ ਸਰਚ ਪ੍ਰੋਗਰਾਮ ਵਿਚ ਫਾਈਨਲਿਸਟ ਵਜੋਂ ਚੁਣਿਆਂ ਹੈ। ਡੋਮੀਨਿਕਨ ਰਿਪਬਲਿਕ ਵਿਚ ਆਪਣੇ ਹੋਟਲ ਦੇ ਕਮਰੇ ਤੋਂ ਉਸ ਨੇ ਉਤਸ਼ਾਹ ਨਾਲ ਕਿਹਾ ਕਿ ਉਸ ਨੂੰ ਸ਼ਾਇਦ ਸਵੇਰੇ 6 ਵਜੇ ਪਤਾ ਲੱਗਾ ਜਦੋਂ ਉਹ ਬੈੱਡ 'ਤੇ ਲਿਟੀ ਹੋਈ ਸੀ ਨਾ ਕਿ ਹਫ਼ਤਾ ਪਹਿਲਾਂ। ਕਾਲਿੰਗਬੁੱਲ ਬੁੱਧਵਾਰ ਡੋਮੀਨਿਕਨ ਪਹੁੰਚੀ ਅਤੇ ਫਿਟਿੰਗਸ ਲਈ ਗਰਾਉਂਡ 'ਤੇ ਦੌੜਨਾ ਸ਼ੁਰੂ ਕੀਤਾ। ਸਪੋਰਟਸ ਇਲਸਟ੍ਰੇਟਿਡ ਸਵਿਮਸੂਟ ਦੇ ਸੰਪਾਦਕ ਐਮਜੇ ਡੇਅ ਨੇ ਉਸ ਨੂੰ ਫਿਟਿੰਗ ਰੂਮ ਵਿਚ ਸੈਂਕੜੇ ਸਵਿਮਸੂਟਾਂ ਵਿਚੋਂ ਮੁਫਤ ਚੋਣ ਕਰਨ ਦਾ ਮੌਕਾ ਦਿੱਤਾ। ਉਸ ਨੇ ਕਿਹਾ ਕਿ ਇਹ ਤਜਰਬਾ ਸੁਪਨੇ ਸਾਕਾਰ ਹੋਣ ਵਰਗਾ ਸੀ।

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਯੂਕ੍ਰੇਨ ਵਾਸੀਆਂ ਦੀ ਸਹਾਇਤਾ ਲਈ ਰੇਡੀਓਥੌਨ

## ਰੈੱਡਐੱਫਐੱਮ ਵੱਲੋਂ ਤਿੰਨ ਲੱਖ ਡਾਲਰ ਦੀ ਸਹਾਇਤਾ ਰਾਸ਼ੀ ਇਕੱਠੀ ਕੀਤੀ



ਕੈਲਗਰੀ (ਕਮਲਜੀਤ ਬੁੱਟਰ)-ਰੂਸ ਦੇ ਹਮਲੇ ਕਾਰਨ ਯੂਕ੍ਰੇਨ ਵਿੱਚ ਪੈਦਾ ਹੋਏ ਸੰਕਟ ਵਿੱਚ ਫਸੇ ਉਥੋਂ ਲੋਕਾਂ ਦੀ ਸਹਾਇਤਾ ਲਈ ਬੀਤੇ ਕੱਲ੍ਹ ਕੀਤੇ ਗਏ ਰੇਡੀਓਥੌਨ ਵਿੱਚ ਰੈਡ ਐਫ. ਐਮ. ਸਰੋਤਿਆਂ ਵੱਲੋਂ 3 ਲੱਖ ਡੌਲਰਜ਼ ਦੀ ਰਕਮ ਇਕੱਤਰ ਕੀਤੀ ਗਈ ਹੈ। ਲੰਘੇ ਕੱਲ੍ਹ ਰੈਡ ਐਫ.ਐਮ. ਵੈਨਕੂਵਰ ਅਤੇ ਸਾਂਝਾ ਟੀਵੀ ਵੱਲੋਂ ਇਹ ਕਦਮ ਕੈਨੇਡਾ ਯੁਕ੍ਰੇਨ ਫਾਉਂਡੇਸ਼ਨ ਵਾਸਤੇ ਚੁੱਕਿਆ ਗਿਆ ਸੀ ਜਿਸ ਰਾਹੀਂ ਇਹ ਰਕਮ ਪੀੜਤ ਪਰਿਵਾਰਾਂ ਨੂੰ ਪਹੁੰਚਾਈ ਜਾਵੇਗੀ। ਰੈਡ ਐਫ. ਐਮ. ਕੈਲਗਰੀ ਅਤੇ ਰੈਡ ਐਫ. ਐਮ. ਟੋਰੋਂਟੋ ਦੇ ਸਰੋਤਿਆਂ ਨੇ ਵੀ ਇਸ ਵਿੱਚ ਕਾਬਿਲੇ-ਤਾਰੀਫ਼ ਯੋਗਦਾਨ ਦਿੱਤਾ। ਰੇਡੀਓ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਕੁਲਵਿੰਦਰ ਸਿੰਘ ਸੰਘੇੜਾ ਨੇ ਦਾਨੀਆਂ ਅਤੇ ਵਲੰਟੀਅਰਜ਼ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਹੈ। ਐਲਬਰਟਾ ਸਰਕਾਰ ਵੱਲੋਂ ਵੀ ਇਸ ਫਾਉਂਡੇਸ਼ਨ ਨੂੰ 10 ਮਿਲੀਅਨ ਡੌਲਰਜ਼ ਦੀ ਰਕਮ ਜਾਰੀ ਕੀਤੀ ਜਾ ਰਹੀ ਹੈ।

# ਅਲਬਰਟਾ ਸਰਕਾਰ ਨਹੀਂ ਲਵੇਗੀ ਗੈਸ ਟੈਕਸ-ਜੇਸਨ ਕੈਨੀ

## ਬਿਜਲੀ ਬਿੱਲਾਂ ’ਤੇ ਮਿਲੇਗੀ 150 ਡਾਲਰ ਦੀ ਰਿਬੇਟ



ਕੈਲਗਰੀ (ਕਮਲਜੀਤ ਬੁੱਟਰ)-ਅਲਬਰਟਾ ਵਿੱਚ ਗੈਸੋਲੀਨ ਅਤੇ ਡੀਜ਼ਲ ਕੀਮਤਾਂ ਦੇ ਵਧਦੇ ਜਾਣ ਦੇ ਦਰਮਿਆਨ ਪ੍ਰੀਮੀਅਰ ਜੇਸਨ ਕੈਨੀ ਨੇ ਸੂਬਾ-ਵਾਸੀਆਂ ਨੂੰ ਰਾਹਤ ਦੇਣ ਦਾ ਐਲਾਨ ਕੀਤਾ ਹੈ। ਆਉਂਦੀ ਪਹਿਲੀ ਅਪਰੈਲ ਤੋਂ ਗ੍ਰਾਹਕਾਂ ਤੋਂ ਵਸੂਲਿਆ ਜਾਂਦਾ ਸੂਬਾਈ ਫਿਉਅਲ ਟੈਕਸ ਨਹੀਂ ਲਿਆ ਜਾਵੇਗਾ। ਸੂਬਾਈ ਗੈਸ ਟੈਕਸ 13 ਸੈਂਟ ਪ੍ਰਤੀ ਲਿਟਰ ਗੈਸੋਲੀਨ ਅਤੇ ਡੀਜ਼ਲ ਲਿਆ ਜਾਂਦਾ ਹੈ ਤੇ ਪਹਿਲੀ ਅਪ੍ਰੈਲ ਤੋਂ ਨਹੀਂ ਲਿਆ ਜਾਵੇਗਾ। ਉਸੇ ਦਿਨ ਫੈਡਰਲ ਸਰਕਾਰ ਵੱਲੋਂ ਕਾਰਬਨ ਟੈਕਸ ਵਧਾਇਆ ਜਾ ਰਿਹਾ ਹੈ ਜਿਹੜਾ ਮੌਜੂਦਾ 9 ਸੈਂਟ ਪ੍ਰਤੀ ਲਿਟਰ ਤੋਂ ਵਧ ਕੇ 11 ਸੈਂਟ ਪ੍ਰਤੀ ਲਿਟਰ ਤੱਕ ਜਾਵੇਗਾ ਤੇ ਨਾਲ ਹੀ ਸੂਬਾਈ ਛੋਟ ਲਾਗੂ ਹੋ ਜਾਵੇਗੀ। ਪ੍ਰੀਮੀਅਰ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਕਾਰਬਨ ਟੈਕਸ ਵਾਧਾ ਰੋਕ ਦੇਵੇ ਜਿਸ ਨਾਲ ਲੋਕਾਂ ਨੂੰ ਰਾਹਤ ਮਿਲ ਸਕੇ। ਉਹਨਾਂ ਕਿਹਾ ਕਿ ਜਦੋਂ ਤੱਕ ਕੱਚੇ ਤੇਲ ਦੀ ਅੰਤਰਰਾਸ਼ਟਰੀ ਬਾਜ਼ਾਰ ਕੀਮਤ 80 ਡੌਲਰਜ਼ ਪ੍ਰਤੀ ਬੈਰਲ ਤੋਂ ਉੱਪਰ ਰਹੇਗੀ, ਇਹ ਟੈਕਸ ਛੋਟ ਸੂਬਾ ਵਾਸੀਆਂ ਨੂੰ ਮਿਲਦੀ ਰਹੇਗੀ। ਪ੍ਰੀਮੀਅਰ ਕੈਨੀ ਨੇ ਐਲਾਨ ਕੀਤਾ ਕਿ ਪਿਛਲੀਆਂ ਸਰਦੀਆਂ ਤੋਂ ਬਿਜਲੀ ਕੀਮਤਾਂ ਵਿੱਚ ਹੋਏ ਵਾਧੇ ਦੇ ਅਸਰ ਨੂੰ ਵੀ ਘੱਟ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪਰਿਵਾਰਾਂ ਅਤੇ ਛੋਟੇ ਵਪਾਰੀਆਂ ਲਈ 150 ਡੌਲਰਜ਼ ਦੀ ਰੀਬੇਟ ਬਿਜਲੀ ਬਿਲਾਂ ‘ਤੇ ਦਿੱਤੀ ਜਾ ਰਹੀ ਹੈ। 50 ਡੌਲਰਜ਼ ਪ੍ਰਤੀ ਮਹੀਨਾ ਦੇ ਹਿਸਾਬ ਨਾਲ 3 ਮਹੀਨਿਆਂ ਦੀ ਰੀਬੇਟ ਜਾਰੀ ਕੀਤੀ ਜਾਵੇਗੀ। ਵਿਰੋਧੀ ਧਿਰ ਐਨਡੀਪੀ ਨੇ ਸਰਕਾਰ ਦੇ ਇਸ ਐਲਾਨ ਨੂੰ ਨਾ-ਕਾਫੀ ਦੱਸਦਿਆਂ ਕਿਹਾ ਹੈ ਕਿ ਇਸ ਦਾ ਅਸਰ ਨਾ ਦੇ ਬਰਾਬਰ ਹੋਵੇਗਾ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਬੀ.ਸੀ. ਵਿੱਚ ਕੋਵਿਡ-19




ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ


ਹੋਰ ਜਾਣੋ:
gov.bc.ca/vaccineforkids

BRITISH COLUMBIA

# ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ 19ਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਮਨਾਇਆ

## ਪੰਜਾਬੀ ਮਾਪਿਆਂ ਵਲੋਂ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਲੋੜੀਂਦਾ ਧਿਆਨ ਨਾ ਦੇਣ ਤੇ ਚਿੰਤਾ ਪ੍ਰਗਟ ਕੀਤੀ

ਸਰੀ (ਹਰਦਮ ਮਾਨ)-ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਉਨੀਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਪਿਛਲੇ ਸਾਲ ਦੀ ਤਰ੍ਹਾਂ ਜ਼ੂਮ ਰਾਹੀਂ ਮਨਾਇਆ। ਪਲੀ ਦੇ ਸਰਗਰਮ ਮੈਂਬਰਾਂ ਦੇ ਨਾਲ ਨਾਲ ਇਸ ਵਿੱਚ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ,ਅਮਰੀਕਾ ਅਤੇ ਯੂ.ਕੇ. ਤੋਂ ਵੀ ਪੰਜਾਬੀ ਨਾਲ ਸਿਨੇਹ ਰੱਖਣ ਵਾਲੇ ਲੋਕ ਸ਼ਾਮਲ ਹੋਏ। ਤਿੰਨ ਘੰਟੇ ਤੋਂ ਵੀ ਵੱਧ ਸਮਾਂ ਚੱਲੇ ਇਸ ਸਮਾਗਮ ਨੂੰ ਡਾਕਟਰ ਕਮਲਜੀਤ ਕੈਂਥੇ ਨੇ ਪੰਜਾਬੀ ਕਵੀਆਂ ਦੀਆਂ ਪੰਜਾਬੀ ਬੋਲੀ ਬਾਰੇ ਲਿਖੀਆਂ ਕਵਿਤਾਵਾਂ ਦਾ ਸਮੇਂ ਸਮੇਂ ਜ਼ਿਕਰ ਕਰਦਿਆਂ ਬਹੁਤ ਖੂਬਸੂਰਤ ਅੰਦਾਜ਼ ਵਿੱਚ ਸਿਰੇ ਚੜ੍ਹਾਇਆ। ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ ਡਾਇਰੈਕਟਰ ਸਟੀਵ ਲੈਵਰਨ ਨੇ ਸਮਾਗਮ ਦੀ ਸ਼ੁਰੂਆਤ ਕੀਤੀ। ਪਲੀ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਸਾਰਿਆਂ ਦਾ ਸਵਾਗਤ ਕਰਦਿਆਂ ਇਸ ਸੰਸਥਾ ਦੇ ਸਰਗਰਮ ਮੈਂਬਰਾਂ, ਜਿਨ੍ਹਾਂ ਵਿੱਚ ਡਾਕਟਰ ਸਾਧੂ ਬਿਨਿੰਗ, ਪਾਲ ਬਿਨਿੰਗ, ਗੁਰਿੰਦਰ ਮਾਨ, ਰਜਿੰਦਰ ਸਿੰਘ ਪੰਧੇਰ, ਹਰਮਨ ਪੰਧੇਰ, ਦਇਆ ਜੌਹਲ, ਡਾਕਟਰ ਰਣਬੀਰ ਜੌਹਲ, ਡਾਕਟਰ ਕਮਲਜੀਤ ਕੈਂਥੇ, ਪ੍ਰਭਜੋਤ ਕੌਰ, ਡਾਕਟਰ ਇੰਦਰ ਮਾਨ ਦੀ ਜਾਣ ਪਛਾਣ ਕਰਵਾਈ। ਸਰੀ ਸਕੂਲ ਬੋਰਡ ਤੋਂ ਸੈਲਮਾ ਸਮਿੱਥ ਨੇ ਵੀ ਇਸ ਗੱਲ ਦਾ ਯਕੀਨ ਦੁਆਇਆ ਕਿ ਸਕੂਲ ਬੋਰਡ ਪੰਜਾਬੀ ਭਾਈਚਾਰੇ ਵਲੋਂ ਪੰਜਾਬੀ ਬੋਲੀ ਦੀ ਪੜ੍ਹਾਈ ਲਈ ਹੁੰਦੀਆਂ ਕੋਸ਼ਿਸ਼ਾਂ ਵਿੱਚ ਉਨ੍ਹਾਂ ਦੇ ਨਾਲ ਹੈ। ਸੰਸਥਾ ਦੇ ਉੱਪ ਪ੍ਰਧਾਨ ਡਾਕਟਰ ਸਾਧੂ ਬਿਨਿੰਗ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਪੰਜਾਬੀ ਬੋਲੀ ਦੇ ਸਬੰਧ ਵਿੱਚ ਅਸੀਂ ਕਈ ਵਾਰ ਤਸਵੀਰ ਦੇ ਇੱਕ ਪਾਸੇ 'ਤੇ ਜ਼ਿਆਦਾ ਜ਼ੋਰ ਦੇ ਕੇ ਨਿਰਾਸ਼ ਹੋ ਜਾਂਦੇ ਹਾਂ। ਪੈਨਲ ਵਿੱਚਾਰ ਵਟਾਂਦਰੇ ਵਿੱਚ ਟਰਾਂਟੋ ਤੋਂ ਡਾਕਟਰ ਗੁਰਨਾਮ ਸਿੰਘ ਢਿੱਲੋਂ, ਐਡਮੰਟਨ ਤੋਂ ਦਲਬੀਰ ਸਿੰਘ, ਕੈਲਗਰੀ ਤੋਂ ਸੁਖਬੀਰ ਸਿੰਘ ਗਰੇਵਾਲ, ਐਡਮੰਟਨ/ਕੈਲਗਰੀ ਤੋਂ ਡਾਕਟਰ ਹਰਜੀਤ ਸਿੰਘ ਗਰੇਵਾਲ ਅਤੇ ਵੈਨਕੂਵਰ ਤੋਂ ਗੁਰਿੰਦਰ ਮਾਨ ਨੇ ਹਿੱਸਾ ਲਿਆ। ਸ੍ਰੋਤਿਆਂ ਵਿੱਚ ਸ਼ਾਮਲ ਰੇਡੀਓ ਹੋਸਟ ਨਵਜੋਤ ਢਿੱਲੋਂ ਵੱਲੋਂ ਕੀਤੇ ਇੱਕ ਸਵਾਲ ਦੇ ਜਵਾਬ ਵਿੱਚ ਬਲਵੰਤ ਸੰਘੇੜਾ ਨੇ ਕਿਹਾ ਕਿ ਬੀ ਸੀ ਦੀ ਐਮ ਐਲ ਏ ਜਿਨੀ ਸਿੰਮਸ ਨਾਲ ਅਤੇ ਐਮ ਪੀ ਸੁਖ ਧਾਲੀਵਾਲ ਨਾਲ ਕੁਝ ਮਸਲੇ ਵਿਚਾਰਨ ਲਈ ਪਲੀ ਵਲੋਂ ਬੈਠਕਾਂ ਕਰਨ ਦੀ ਯੋਜਨਾ ਹੈ। ਪ੍ਰੋਗਰਾਮ ਦੇ ਅਗਲੇ ਹਿੱਸੇ ਵਿੱਚ ਪਹਿਲਾਂ ਪਾਕਿਸਤਾਨੀ ਪਿਛੋਕੜ ਦੇ ਕਾਫੀ ਜਾਣੇ ਜਾਂਦੇ ਲੇਖਕ ਤਾਰਿਕ ਮਲਿਕ ਨੇ ਮਾਂ-ਬੋਲੀ ਬਾਰੇ ਆਪਣੀ ਕਵਿਤਾ ਸਾਂਝੀ ਕੀਤੀ। ਅਖੀਰ ਵਿੱਚ ਬਲਵੰਤ ਸੰਘੇੜਾ ਨੇ ਸਾਰੇ ਸਰੋਤਿਆਂ, ਹਿੱਸਾ ਲੈਣ ਵਾਲੇ ਚਿੰਤਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਉਨਾਂ ਨੇ ਪੰਜਾਬੀ ਮੀਡੀਏ ਵਲੋਂ ਹਮੇਸ਼ਾ ਵਾਂਗ ਦਿੱਤੇ ਵੱਡਮੁੱਲੇ ਸਹਿਯੋਗ ਲਈ ਵੀ ਧੰਨਵਾਦੀ ਸ਼ਬਦ ਕਹੇ। ਨਾਲ ਹੀ ਉਨ੍ਹਾਂ ਨੇ ਅਧਿਆਪਕਾਂ ਅਤੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਬੱਚਿਆਂ ਨੂੰ ਇਸ ਪ੍ਰਗੋਰਾਮ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ, ਖਾਸ ਕਰ ਟਰਾਂਟੋ ਤੋਂ ਸੁਰਜੀਤ ਕੌਰ ਅਤੇ ਕੈਲਗਰੀ ਤੋਂ ਸੁਖਵੀਰ ਸਿੰਘ ਗਰੇਵਾਲ ਹੋਰਾਂ ਦਾ। ਅੰਤ ਵਿੱਚ ਉਨ੍ਹਾਂ ਨੇ ਪ੍ਰੋਗਰਾਮ ਦੇ ਸੁਚੱਜੇ ਸੰਚਾਲਨ ਲਈ ਕਮਲਜੀਤ ਕੈਂਥੇ ਦਾ ਵਿਸ਼ੇਸ਼ ਧੰਨਵਾਦ ਕੀਤਾ।




MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"

Superior Mortgage
Unit 244-8138-128 Street, Surrey
Our Symbol of Care & Service
604 507 1000

Manulife Reduced 13% Term Rates For Limited Time
www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance

Sudesh Kalia 604-728-6740

ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY**<br>**(604) 502 - 0441**<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER**<br>**(604) 325 - 1241**<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

**OPEN 7 DAYS**

www.goldkeyinsurance.ca


Rajan MANGOES
AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
Extra Extra Super Special
Rajan MANGOES
(Haden) 4 kg
ਰਾਜਨ ਹੇਡਨ ਅੰਬ
$14.99 BOX
*Number of pieces depends on the weight
Fresh Ginger
ਤਾਜ਼ਾ ਅਦਰਕ
$1.48 lb
Chana Dal
ਚਨੇ ਦੀ ਦਾਲ
88¢ lb
Extra Super Super Special
Royal Basmati Rice 10 lbs
ਰੋਏਲ ਬਾਸਮਤੀ ਚੌਲ
$9.98 bag
Extra Super Super Special
Roma Tomatoes
ਰੋਮਾ ਟਮਾਟਰ
88¢ lb
Rapini (Sarson da Saag)
ਸਰਸੋਂ ਦਾ ਸਾਗ
$2.69 bunch
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Super Special
Fresh Methi
ਤਾਜ਼ਾ ਮੇਥੀ
$1.49 bunch
Super Special
Spinach
ਪਾਲਕ
99¢ bunch
Indian Eggplants
ਦੇਸੀ ਬਤਾਊਂ
99¢ lb
Maggi Masala Noodles 70 g
ਮੈਗੀ ਮਸਾਲਾ ਨੂਡਲਜ਼
3 for 99¢
Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.99 lb
Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Super Special
Punjabi Cookies New Crunch & Indican 2.2 lbs All Flavours
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$4.48 pkg.
Black Chana
ਚਨਾ ਦਾਲ
88¢ lb
Super Special
Yellow Onions 50 lbs
ਪੀਲੇ ਗੰਢੇ
$15.99 bag
Cilantro
ਧਣੀਆ
2 bunches for 98¢
Fresh Garlic
ਤਾਜ਼ਾ ਲਸਣ
$1.49 lb
Maggi Masala Noodles 280 g
ਮੈਗੀ ਮਸਾਲਾ ਨੂਡਲਜ਼
$1.49 pkg.
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
98¢ lb
Daikon (Mooli)
ਮੂਲੀ
88¢ lb
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Chickpeas
ਚਿੱਟੇ ਛੋਲੇ
88¢ lb
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Long Eggplants
ਲੰਬੇ ਬਤਾਊਂ
$1.49 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
89¢ lb
Broccoli Crown
ਬਰੌਕਲੀ ਕਰਾਊਨ
$1.49 lb
Product images may differ from the actual product.
Fri Mar 11, 2022 - Wed Mar 16, 2022
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana
SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520